# PROSPECTUS
# ਪ੍ਰਾਸਪੈਕਟਸ
## 2025-26

PROSPECTUS 2025-26 ਪ੍ਰਾਸਪੈਕਟਸ

GOVT. COLLEGE AMARGARH
Estd. 2013
ਸਰਕਾਰੀ ਕਾਲਜ ਅਮਰਗੜ੍ਹ
KNOWLEDGE FOR WISDOM




(ਸਥਾਪਿਤ 2013)

# ਸਰਕਾਰੀ ਕਾਲਜ, ਅਮਰਗੜ੍ਹ

ਨੈਕ ਅਕ੍ਰੈਡਿਟਿਡ: ਗਰੇਡ 'ਬੀ' (ਸੀ.ਜੀ.ਪੀ.ਏ. 2.19) (Cycle-I)

(ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸੰਬੰਧਿਤ)


Website : www.gcamargarh.com
Tel: 01675-295596, E-mail : gcamargarh13@gmail.com



# ਕਾਲਜ ਸ਼ਬਦ

ਦੇਹ ਸਿਵਾ ਬਰੁ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋ ॥
ਨ ਡਰੋਂ ਅਰਿ ਸੋ ਜਬ ਜਾਇ ਲਰੋ
ਨਿਸਚੈ ਕਰਿ ਅਪੁਨੀ ਜੀਤ ਕਰੋ ॥
ਅਰੁ ਸਿਖਹੋ ਆਪਨੇ ਹੀ ਮਨ ਕੌ
ਇਹ ਲਾਲਚ ਹਉ ਗੁਨ ਤਉ ਉਚਰੋ॥
ਜਬ ਆਵ ਕੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੇ ਤਬ ਜੂਝ ਮਰੋ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ

**ਸਰਕਾਰੀ ਕਾਲਜ, ਅਮਰਗੜ੍ਹ**

# ਸੰਦੇਸ਼



ਪਿਆਰੇ ਵਿਦਿਆਰਥੀਓ !

ਮੈਂ ਤੁਹਾਡਾ ਸਾਰਿਆਂ ਦਾ ਸੈਸ਼ਨ 2025-26 ਲਈ ਇਸ ਸੰਸਥਾ ਵਿੱਚ ਦਾਖ਼ਲਾ ਲੈਣ ਤੇ ਸੁਆਗਤ ਕਰਦੀ ਹਾਂ ਅਤੇ ਖੁਸ਼ਆਮਦੀਦ ਆਖਦੀ ਹਾਂ। ਸਰਕਾਰੀ ਕਾਲਜ ਅਮਰਗੜ੍ਹ ਪੇਂਡੂ ਖੇਤਰ ਵਿੱਚ ਸਿੱਖਿਆ ਦੇ ਪ੍ਰਸਾਰ ਲਈ ਇੱਕ ਸਿਰਮੌਰ ਸੰਸਥਾ ਹੈ, ਜਿੱਥੇ ਵਿਦਿਆਰਥੀ ਉਚੇਰੀ ਸਿੱਖਿਆ ਹਾਸਿਲ ਕਰ ਕੇ ਸੁਚੱਜੀ ਜੀਵਨ ਜਾਚ ਸਿੱਖਦੇ ਹਨ ਅਤੇ ਆਪਣੀ ਸੋਚ ਨੂੰ ਸਾਕਾਰਤਮਿਕ ਰੱਖਦੇ ਹੋਏ ਆਪਣੀ ਮੰਜ਼ਿਲ ਹਾਸਿਲ ਕਰਨ ਦੇ ਸਮਰੱਥ ਹੁੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਂਵਾਕ 'ਵਿੱਦਿਆ ਵਿਚਾਰੀ ਤਾਂ ਪਰਉਪਕਾਰੀ' ਅਨੁਸਾਰ ਜੇਕਰ ਕਿਸੇ ਮਨੁੱਖ ਨੇ ਵਿੱਦਿਆ ਨੂੰ ਵਿਚਾਰਿਆ ਹੈ ਤਾਂ ਉਹ ਪਰਉਪਕਾਰੀ ਬਣ ਗਿਆ ਹੈ ਪ੍ਰੰਤੂ ਵਿਚਾਰਹੀਣ ਵਿੱਦਿਆ ਮਨੁੱਖ ਨੂੰ ਪਰਉਪਕਾਰੀ ਬਣਨ ਦੀ ਥਾਂ ਕੁਰਾਹੇ ਪਾ ਦਿੰਦੀ ਹੈ। ਬੇਅੰਤ ਜੂਨਾਂ ਵਿੱਚੋਂ ਪਰਮਾਤਮਾ ਨੇ ਕੇਵਲ ਤੇ ਕੇਵਲ ਮਨੁੱਖ ਨੂੰ ਵਿਕਸਿਤ ਰੂਪ ਵਿੱਚ ਪੂਰਨ ਦਿਮਾਗ ਬਖ਼ਸ਼ਿਸ਼ ਕੀਤਾ ਹੈ ਸੋ ਜਿੱਥੇ ਮਨੁੱਖ ਵਿੱਦਿਆ ਹਾਸਿਲ ਕਰਕੇ ਆਪਣਾ ਜੀਵਨ ਸਫ਼ਲ ਕਰਨ ਦੇ ਯੋਗ ਹੋ ਸਕਦਾ ਹੈ, ਉਥੇ ਉਹ ਆਦਰਸ਼ ਸਮਾਜ ਦੀ ਸਿਰਜਣਾ ਕਰਨ ਵਿੱਚ ਵੀ ਯੋਗਦਾਨ ਪਾ ਸਕਦਾ ਹੈ।

ਇਸ ਸੰਸਥਾ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦਾ ਬੌਧਿਕ, ਸੱਭਿਆਚਾਰਕ ਅਤੇ ਖੇਡਾਂ ਪੱਖੋਂ ਸਰਵਪੱਖੀ ਵਿਕਾਸ ਕੀਤਾ ਜਾਂਦਾ ਹੈ। ਵਿਦਿਆਰਥੀ ਪੰਜਾਬੀ ਯੂਨੀਵਰਸਿਟੀ ਵੱਲੋਂ ਆਯੋਜਿਤ ਖੇਤਰੀ ਅਤੇ ਅੰਤਰ ਖੇਤਰੀ ਮੁਕਾਬਲਿਆਂ ਵਿੱਚ ਭਾਗ ਲੈ ਕੇ ਜਿੱਤਾਂ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੌਸ਼ਨ ਕਰ ਰਹੇ ਹਨ। ਇਹ ਸੰਸਥਾ ਇਸ ਇਲਾਕੇ ਲਈ ਵਰਦਾਨ ਸਾਬਿਤ ਹੋ ਰਹੀ ਹੈ ਜੋ ਇਸ ਪੇਂਡੂ ਇਲਾਕੇ ਦੇ ਬੱਚਿਆਂ ਦੇ ਭਵਿੱਖ ਨੂੰ ਰੌਸ਼ਨ ਕਰਨ ਲਈ ਵਚਨਬੱਧ ਹੈ।

ਇਸ ਸੰਸਥਾ ਵਿੱਚ ਬੀ.ਏ., ਬੀ.ਕਾਮ. ਅਤੇ ਐਚ.ਈ.ਆਈ.ਐਸ. ਅਧੀਨ ਕੰਪਿਊਟਰ ਸੰਬੰਧਿਤ ਕੋਰਸ ਬੀ.ਸੀ.ਏ., ਪੀ.ਜੀ.ਡੀ.ਸੀ.ਏ. ਅਤੇ ਐਮ.ਐਸਸੀ. (ਆਈ.ਟੀ.) ਚਲ ਰਹੇ ਹਨ। ਸੰਸਥਾ ਦੀ ਅਤਿ-ਆਧੁਨਿਕ ਇਮਾਰਤ ਖੁੱਲ੍ਹੇ-ਡੁੱਲੇ, ਸਾਫ਼ ਵਾਤਾਵਰਣ ਅਤੇ ਸ਼ੋਰ ਪ੍ਰਦੂਸ਼ਣ ਮੁਕਤ ਖੇਤਰ ਵਿੱਚ ਸਥਾਪਿਤ ਹੈ। ਕਾਲਜ ਵਿੱਚ ਆਰਾਮਦਾਇਕ ਕਲਾਸ ਰੂਮਜ਼, ਕੰਪਿਊਟਰ ਲੈਬਜ਼, ਸਮਾਰਟ ਕਲਾਸ ਰੂਮਜ਼ ਅਤੇ ਵਰਚੂਅਲ ਕਲਾਸ ਰੂਮਜ਼ ਵੀ ਉਪਲੱਬਧ ਹਨ। ਵਿਦਿਆਰਥੀਆਂ ਨੂੰ ਸਰੀਰਿਕ ਪੱਖੋਂ ਸਿਹਤਯਾਬ ਰੱਖਣ ਲਈ ਖੁੱਲ੍ਹੇ ਖੇਡ ਮੈਦਾਨ ਹਨ।

ਇਸ ਸੰਸਥਾ ਨੂੰ ਨੈਕ (NAAC) ਵੱਲੋਂ ਅਸੈਸਮੈਂਟ ਅਤੇ ਅਕ੍ਰੇਡਿਟੇਸ਼ਨ ਕਰਾਉਣ ਦਾ ਮਾਣ ਹਾਸਿਲ ਹੋਇਆ ਹੈ। ਨੈਕ ਵੱਲੋਂ ਕਾਲਜ ਨੂੰ ਗਰੇਡ 'ਬੀ' ਪ੍ਰਦਾਨ ਕੀਤਾ ਗਿਆ ਹੈ।ਕਾਲਜ ਦੀ ਇਸ ਉੱਘੀ ਪ੍ਰਾਪਤੀ ਨਾਲ ਕਾਲਜ ਦੇ ਮਾਣ ਵਿੱਚ ਹੋਰ ਵਾਧਾ ਹੋਇਆ ਹੈ।

ਵਿਦਿਆਰਥੀਆਂ ਦੇ ਉਜਵਲ ਭਵਿੱਖ ਦੀ ਕਾਮਨਾ ਕਰਦੀ ਹੋਈ ਮੈਂ ਤੁਹਾਡਾ ਸਭ ਦਾ ਇਸ ਸੰਸਥਾ ਵਿੱਚ ਨਿੱਘਾ ਸੁਆਗਤ ਕਰਦੀ ਹਾਂ ਅਤੇ ਇਹ ਆਸ ਕਰਦੀ ਹਾਂ ਕਿ ਤੁਸੀਂ ਵਿੱਦਿਅਕ ਅਤੇ ਸਹਿ-ਅਕਾਦਮਿਕ ਗਤੀਵਿਧੀਆਂ ਰਾਹੀਂ ਆਪਣਾ ਸਰਵਪੱਖੀ ਵਿਕਾਸ ਕਰਦੇ ਹੋਏ, ਜਿੱਥੇ ਆਪਣੇ ਮਾਪਿਆਂ ਦਾ ਨਾਮ ਰੌਸ਼ਣ ਕਰੋਗੇ, ਉਥੇ ਇਸ ਸੰਸਥਾ ਦੇ ਮਾਨ ਵਿੱਚ ਵੀ ਵਾਧਾ ਕਰੋਗੇ ਅਤੇ ਇਸ ਸੰਸਥਾਂ ਨੂੰ ਹੋਰ ਬੁਲੰਦੀਆਂ ਤੇ ਲੈ ਕੇ ਜਾਵੋਗੇ।

ਵਿਸ਼ਵਾਸ ਅਤੇ ਸ਼ੁਭ ਕਾਮਨਾਵਾਂ ਸਹਿਤ।

**ਪ੍ਰੋ. ਮੀਨੂੰ (ਪੀ.ਈ.ਐਸ.-I)**
**ਪ੍ਰਿੰਸੀਪਲ**

























# ਸਰਕਾਰੀ ਕਾਲਜ, ਅਮਰਗੜ੍ਹ

# ਵਿਸ਼ਾ ਸੂਚੀ


| ਲੜੀ ਨੰ: | ਵਿਸ਼ਾ | ਪੰਨਾ ਨੰ: |
|---|---|---|
| 1. | ਪ੍ਰਵੇਸ਼ਕਾ-ਕਾਲਜ ਸੰਬੰਧੀ ਮੁੱਢਲੀ ਜਾਣਕਾਰੀ | 2 |
| 2. | ਕਾਲਜ ਸਟਾਫ਼ ਅਤੇ ਮੁੱਖ ਪ੍ਰਬੰਧਕੀ ਸਹਿਯੋਗੀ | 3 |
| 3. | ਕਾਲਜ ਵਿਚ ਉਪਲੱਬਧ ਅਧਿਐਨ ਕੋਰਸ, ਦਾਖ਼ਲਾ ਕਮੇਟੀ | 4 |
| 4. | ਦਾਖ਼ਲੇ ਸੰਬੰਧੀ ਜਰੂਰੀ ਹਦਾਇਤਾ | 5 |
| 5. | ਮਹੱਤਵਪੂਰਨ ਵੈਬ-ਸਾਈਟਾਂ ਦੇ ਲਿੰਕ | 7 |
| 6. | ਉਪਲੱਬਧ ਕੋਰਸਾਂ ਵਿੱਚ ਦਾਖ਼ਲੇ ਦੀ ਯੋਗਤਾ | 8 |
| 7. | ਵਿਸ਼ਿਆਂ ਦੀ ਚੋਣ ਅਤੇ ਹਦਾਇਤਾਂ | 9 |
| 8. | ਰਾਖਵੇਂਕਰਨ ਦੀ ਨੀਤੀ | 12 |
| 9. | ਰਾਖਵੀਆਂ ਸੀਟਾਂ ਦਾ ਕਲੇਮ ਲੈਣ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ | 13 |
| 10. | ਵਜ਼ੀਫੇ ਅਤੇ ਵਿੱਤੀ ਸਹਾਇਤਾ | 14 |
| 11. | ਵਿੱਦਿਅਕ ਸੈਸ਼ਨ, ਟਾਈਮ ਟੇਬਲ, ਫੀਸਾਂ ਅਤੇ ਫੰਡਾਂ ਦਾ ਵੇਰਵਾ | 16 |
| 12. | ਐਚ.ਈ.ਆਈ.ਐਸ. ਅਧੀਨ ਕੋਰਸਜ਼ ਦੀਆਂ ਫੀਸਾਂ ਅਤੇ ਫੰਡਾਂ ਦਾ ਵੇਰਵਾ | 17 |
| 13. | ਵਿਦਿਆਰਥੀਆਂ ਲਈ ਉਪਲੱਬਧ ਸਹੂਲਤਾਂ | 17 |
| 14. | ਵਿਦਿਆਰਥੀਆਂ ਲਈ ਜ਼ਰੂਰੀ ਨਿਯਮ ਅਤੇ ਦਿਸ਼ਾ ਨਿਰਦੇਸ਼ | 19 |
| 15. | ਸਹਿ-ਵਿੱਦਿਅਕ ਗਤੀਵਿਧੀਆਂ | 21 |
| 16. | ਇਨਾਮ ਅਤੇ ਸਨਮਾਨ ਦੇਣ ਦੇ ਨਿਯਮ | 22 |

# ਪ੍ਰਵੇਸ਼ਕਾ: ਕਾਲਜ ਸੰਬੰਧੀ ਮੁੱਢਲੀ ਜਾਣਕਾਰੀ

ਨੋਟੀਫਾਈਡ ਏਰੀਆ ਕਮੇਟੀ ਅਮਰਗੜ੍ਹ ਵਿਖੇ ਮਾਲੇਰਕੋਟਲਾ-ਨਾਭਾ ਰੋਡ 'ਤੇ ਸਥਿਤ ਸਰਕਾਰੀ ਕਾਲਜ ਅਮਰਗੜ੍ਹ ਦੀ ਸਥਾਪਨਾ ਪੰਜਾਬ ਸਰਕਾਰ ਦੇ ਹੁਕਮ ਨੰ: 1/203/2013-1 ਕੈਬਨਿਟ/3652, ਮਿਤੀ 14.08.2013 ਵਿਚ ਕੀਤੀ ਗਈ। ਪੇਂਡੂ ਇਲਾਕੇ ਦੀਆਂ ਵਿੱਦਿਅਕ ਲੋੜਾਂ ਦੀ ਪੂਰਤੀ ਲਈ ਆਰਟਸ, ਕਾਮਰਸ, ਆਈ.ਟੀ. ਕੋਰਸਜ਼ ਅਤੇ ਸਾਇੰਸ ਵਿਸ਼ਿਆਂ ਵਿੱਚ ਅੰਡਰ-ਗ੍ਰੈਜੂਏਟ ਅਤੇ ਪੀ.ਜੀ.ਡਿਪਲੋਮਾ ਕੋਰਸਾਂ ਲਈ ਖੂਬਸੂਰਤ ਇਮਾਰਤ ਉਪਲੱਬਧ ਹੈ ਅਤੇ ਸੈਸ਼ਨ **2025-26** ਵਿਚ ਬੀ.ਏ./ਬੀ.ਕਾਮ./ਬੀ.ਸੀ.ਏ./ਐਮ.ਐਸਸੀ. (ਆਈ.ਟੀ.)/ ਪੀ.ਜੀ.ਡੀ.ਸੀ.ਏ. ਵਿਚ ਦਾਖ਼ਲਾ ਕੀਤਾ ਜਾਵੇਗਾ।

ਸਰਕਾਰੀ ਕਾਲਜ ਅਮਰਗੜ੍ਹ ਕੋ-ਐਜੂਕੇਸ਼ਨਲ ਹੈ। ਇਸ ਇਲਾਕੇ ਦੀਆਂ ਲੜਕੀਆਂ ਲਈ ਇਹ ਵਰਦਾਨ ਹੈ ਜੋ ਨਿਸ਼ਚਤ ਤੌਰ 'ਤੇ ਲੜਕੀਆਂ ਵਿਚਲੇ ਵਿੱਦਿਅਕ ਪਿਛੜੇਪਨ ਨੂੰ ਦੂਰ ਕਰਨ ਵਿਚ ਮੀਲ ਪੱਥਰ ਸਾਬਤ ਹੋ ਰਿਹਾ ਹੈ। ਇਹ ਸੁਹਿਰਦ ਯਤਨ ਕੀਤਾ ਜਾ ਰਿਹਾ ਹੈ ਕਿ ਵਿਦਿਆਰਥੀ ਪੜ੍ਹਾਈ ਦੇ ਨਾਲ-ਨਾਲ ਉਚੱ-ਨੈਤਿਕ ਕਦਰਾਂ-ਕੀਮਤਾਂ ਗ੍ਰਹਿਣ ਕਰਕੇ ਇਲਾਕੇ ਅਤੇ ਦੇਸ਼ ਦਾ ਨਾਂ ਰੌਸ਼ਨ ਕਰਨ, ਵਿਦਿਆਰਥੀਆਂ ਵਿਚ ਵਾਤਾਵਰਨ ਸੰਭਾਲ ਦੀ ਚੇਤਨਾ ਅਤੇ ਸਮਾਜਿਕ ਸਮੱਸਿਆਵਾਂ ਪ੍ਰਤੀ ਜਾਗ੍ਰਿਤੀ ਪੈਦਾ ਹੋ ਸਕੇ।

ਕਾਲਜ ਵਿੱਚ HEIS (Higher Education Institute Society) ਸੁਚੱਜੇ ਢੰਗ ਨਾਲ ਗਤੀਸ਼ੀਲ ਹੈ। HEIS ਅਧੀਨ ਬੀ.ਸੀ.ਏ., ਪੀ.ਜੀ.ਡੀ.ਸੀ.ਏ. ਅਤੇ ਐੱਮ.ਐਸਸੀ. (ਆਈ.ਟੀ.) ਕੋਰਸ ਚੱਲ ਰਹੇ ਹਨ।

ਸਰਕਾਰੀ ਕਾਲਜ ਅਮਰਗੜ੍ਹ ਵਿਦਿਆਰਥੀਆਂ ਦੀਆਂ ਵਿੱਦਿਅਕ ਲੋੜਾਂ ਦੇ ਨਾਲ ਨਾਲ ਉਨ੍ਹਾਂ ਦੀਆਂ ਸਹਿ-ਵਿੱਦਿਅਕ ਲੋੜਾਂ ਦੀ ਪੂਰਤੀ ਪ੍ਰਤੀ ਵਚਨਬੱਧ ਹੈ। ਇੱਥੇ ਵਿਦਿਆਰਥੀਆਂ ਦੀ ਚਰਿੱਤਰ ਉਸਾਰੀ, ਕੌਮੀ ਸੁਹਿਰਦ ਭਾਵਨਾ ਅਤੇ ਬਹੁ-ਪੱਖੀ ਵਿਕਾਸ ਲਈ ਪੂਰਾ ਯਤਨ ਕੀਤਾ ਜਾਂਦਾ ਹੈ। ਇਸ ਲਈ ਖੇਡਾਂ, ਸੱਭਿਆਚਾਰਕ ਸਰਗਰਮੀਆਂ ਅਤੇ ਐਨ.ਐਸ.ਐਸ., ਰੈਡ ਰਿਬਨ ਕਲੱਬ ਤੋਂ ਇਲਾਵਾ ਰੈਡ ਕਰਾਸ ਵਿੱਚ ਵੀ ਭਾਗ ਲੈਣ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਜਾਂਦਾ ਹੈ।

# ਪ੍ਰਵੇਸ਼ਕਾ : ਕਾਲਜ ਸਟਾਫ਼

## ਪ੍ਰਿੰਸੀਪਲ : ਪ੍ਰੋ. ਮੀਨੂੰ (P.E.S.-I) ਐਮ.ਐਸਸੀ. (ਕੈਮਿਸਟਰੀ) ਗੋਲਡ ਮੈਡਲਿਸਟ, ਐਮ.ਫ਼ਿਲ.

### ਪੰਜਾਬੀ ਵਿਭਾਗ
1. ਅਸਿ.ਪ੍ਰੋ.(ਡਾ.) ਅਮਨਦੀਪ ਵਾਤਿਸ਼, ਬੀ.ਏ. ਆਨਰਜ਼ (ਗੋਲਡ ਮੈਡਲਿਸਟ), ਐੱਮ.ਏ. ਪੰਜਾਬੀ (ਗੋਲਡ ਮੈਡਲਿਸਟ), ਐੱਮ.ਏ. ਐਜੂਕੇਸ਼ਨ, ਪੀ.ਜੀ.ਡੀ.ਸੀ.ਏ., ਐਮ.ਬੀ.ਏ., ਪੀਐਚ.ਡੀ. (ਪੰਜਾਬੀ), ਯੂ.ਜੀ.ਸੀ. ਨੈੱਟ (ਮੁਖੀ)
2. ਅਸਿ.ਪ੍ਰੋ.(ਡਾ.) ਸੁਖਦੀਪ ਸਿੰਘ, ਬੀ.ਏ., ਐੱਮ.ਏ. ਪੰਜਾਬੀ ਆਨਰਜ਼, ਬੀ.ਐੱਡ, ਐਮ. ਫ਼ਿਲ., ਪੀਐਚ.ਡੀ., ਯੂ.ਜੀ.ਸੀ. ਨੈੱਟ
3. ਅਸਿ.ਪ੍ਰੋ. ਬਲਜੀਤ ਕੌਰ, ਐੱਮ.ਏ. (ਪੰਜਾਬੀ), ਯੂ.ਜੀ.ਸੀ. ਨੈੱਟ

### ਅੰਗਰੇਜ਼ੀ ਵਿਭਾਗ
1. ਅਸਿ.ਪ੍ਰੋ.(ਡਾ.) ਕਾਦੰਬਰੀ ਗਾਸੋ, ਐੱਮ.ਏ., ਪੀਐਚ.ਡੀ. (ਅੰਗਰੇਜ਼ੀ), ਯੂ.ਜੀ.ਸੀ. ਨੈੱਟ (ਮੁਖੀ)
2. ਅਸਿ.ਪ੍ਰੋ. ਤਨੂਸ਼ੀ ਜੈਨ, ਬੀ.ਏ. ਆਨਰਜ਼, ਐੱਮ.ਏ. (ਅੰਗਰੇਜ਼ੀ), ਯੂ.ਜੀ.ਸੀ. ਨੈੱਟ

### ਸਰੀਰਿਕ ਸਿੱਖਿਆ ਵਿਭਾਗ
1. ਅਸਿ.ਪ੍ਰੋ.(ਡਾ.) ਤੇਜਿੰਦਰ ਸਿੰਘ, ਐਮ.ਪੀ.ਐਡ., ਪੀਐਚ.ਡੀ. (ਸਰੀਰਿਕ ਸਿੱਖਿਆ), ਯੂ.ਜੀ.ਸੀ. ਨੈੱਟ (ਮੁਖੀ)
2. ਅਸਿ.ਪ੍ਰੋ.(ਡਾ.) ਪਰਮਿੰਦਰ ਕੌਰ, ਐਮ.ਐਸਸੀ. (ਸਪੋਰਟਸ ਸਾਇੰਸ), ਐਮ.ਪੀ.ਐਡ., ਪੀਐਚ.ਡੀ. (ਕੀਨੇਥ੍ਰੋਪੋਮੈਟਰੀ), ਯੂ.ਜੀ.ਸੀ. ਨੈੱਟ*

### ਇਤਿਹਾਸ ਵਿਭਾਗ
1. ਅਸਿ.ਪ੍ਰੋ. ਜਗਜੀਤ ਸਿੰਘ ਹਰੀ, ਐਮ.ਏ. (ਇਤਿਹਾਸ), ਯੂ.ਜੀ.ਸੀ. ਨੈੱਟ (ਮੁਖੀ)*

### ਗਣਿਤ ਵਿਭਾਗ
1. ਅਸਿ.ਪ੍ਰੋ. ਬੰਸੀ ਲਾਲ, ਐਮ.ਐਸਸੀ. (ਗਣਿਤ), ਯੂ.ਜੀ.ਸੀ. ਨੈੱਟ (ਮੁਖੀ)
2. ਅਸਿ.ਪ੍ਰੋ. ਸੋਨੀਆ ਗੱਖੜ, ਐਮ.ਐਸਸੀ. (ਗਣਿਤ), ਐਮ.ਏ. (ਅਰਥ ਸ਼ਾਸਤਰ)*

### ਅਰਥ ਸ਼ਾਸਤਰ ਵਿਭਾਗ
1. ਅਸਿ.ਪ੍ਰੋ. ਨਜਮਾ ਪਰਵੀਨ, ਐਮ.ਏ. (ਅਰਥ ਸ਼ਾਸਤਰ, ਪੰਜਾਬੀ), ਐਮ.ਐਡ. (ਮੁਖੀ)*

### ਰਾਜਨੀਤੀ ਸ਼ਾਸਤਰ ਵਿਭਾਗ
1. ਅਸਿ.ਪ੍ਰੋ.(ਡਾ.) ਕਮਲਜੀਤ ਸਿੰਘ, ਐਮ.ਏ. (ਰਾਜਨੀਤੀ ਸ਼ਾਸਤਰ, ਪੰਜਾਬੀ), ਐਮ.ਐਡ., ਪੀ.ਜੀ.ਡੀ.ਸੀ.ਏ., ਐਮ. ਫ਼ਿਲ., ਪੀਐਚ.ਡੀ. (ਰਾਜਨੀਤੀ ਸ਼ਾਸਤਰ) (ਮੁਖੀ)*

### ਕੰਪਿਊਟਰ ਵਿਭਾਗ
1. ਅਸਿ.ਪ੍ਰੋ. ਰਮਨਦੀਪ ਕੌਰ, ਐਮ.ਸੀ.ਏ. (ਕੰਪਿਊਟਰ ਸਾਇੰਸ) (ਮੁਖੀ)*

### ਕਾਮਰਸ ਵਿਭਾਗ
1. ਅਸਿ.ਪ੍ਰੋ.(ਡਾ.) ਦੀਪਿਕਾ ਜਿੰਦਲ, ਐਮ.ਕਾਮ. ਆਨਰਜ਼ (ਕਾਮਰਸ), ਪੀਐਚ.ਡੀ. (ਮੁਖੀ)*
2. ਖ਼ਾਲੀ

### ਦਫ਼ਤਰੀ ਅਮਲਾ
1. ਜੂਨੀਅਰ ਸਹਾਇਕ ਸ੍ਰੀ ਗੁਰਦੀਪ ਸਿੰਘ
2. ਲੀਗਲ ਕਲਰਕ ਖ਼ਾਲੀ
3. ਡਾਟਾ ਐਂਟਰੀ ਓਪਰੇਟਰ ਖ਼ਾਲੀ**

### ਲਾਇਬ੍ਰੇਰੀ ਵਿਭਾਗ
1. ਲਾਇਬ੍ਰੇਰੀਅਨ ਖ਼ਾਲੀ
2. ਲਾਇਬ੍ਰੇਰੀ ਰਿਸਟੋਰਰ ਖ਼ਾਲੀ

### ਦਰਜ਼ਾ ਚਾਰ ਕਰਮਚਾਰੀ
1. ਸੇਵਾਦਾਰ ਖ਼ਾਲੀ**
2. ਸੇਵਾਦਾਰ ਖ਼ਾਲੀ**
3. ਚੌਂਕੀਦਾਰ ਖ਼ਾਲੀ**
4. ਸਫ਼ਾਈ ਸੇਵਕ ਖ਼ਾਲੀ**

# ਮੁੱਖ ਪ੍ਰਬੰਧਕੀ ਸਹਿਯੋਗੀ

**ਸੀਨੀਅਰ ਟਿਊਟਰ**
ਡਾ. ਤੇਜਿੰਦਰ ਸਿੰਘ (ਲੜਕੇ)
ਡਾ. ਕਾਦੰਬਰੀ ਗਾਸੋ (ਲੜਕੀਆਂ)

**ਬਰਸਰ/ ਆਈ.ਕਿਊ.ਏ.ਸੀ. ਇੰਚਾਰਜ**
ਪ੍ਰੋ. ਜਗਜੀਤ ਸਿੰਘ ਹਰੀ

**ਐਚ.ਈ.ਆਈ.ਐਸ (HEIS)**
ਡਾ. ਕਮਲਜੀਤ ਸਿੰਘ

**ਰਜਿਸਟਰਾਰ (ਘਰੇਲੂ ਪ੍ਰੀਖਿਆਵਾਂ)**
ਡਾ. ਅਮਨਦੀਪ ਵਾਤਿਸ਼

**ਰੂਸਾ-ਕੋਆਰਡੀਨੇਟਰ**
ਡਾ. ਅਮਨਦੀਪ ਵਾਤਿਸ਼

**ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ**
ਡਾ. ਅਮਨਦੀਪ ਵਾਤਿਸ਼
ਪ੍ਰੋ. ਸੋਨੀਆ ਗੱਖੜ

**ਰੈਡ ਰਿਬਨ ਕਲੱਬ ਨੋਡਲ ਅਫ਼ਸਰ**
ਡਾ. ਦੀਪਿਕਾ ਜਿੰਦਲ

**ਯੂਥ-ਕੋਆਰਡੀਨੇਟਰ**
ਡਾ. ਸੁਖਦੀਪ ਸਿੰਘ

**ਸਕਾਲਰਸ਼ਿਪ ਇੰਚਾਰਜ**
ਪ੍ਰੋ. ਰਮਨਦੀਪ ਕੌਰ

**ਰੈਡ ਕਰਾਸ ਸੁਸਾਇਟੀ ਇੰਚਾਰਜ**
ਪ੍ਰੋ. ਸੋਨੀਆ ਗੱਖੜ

**ਬੱਸ ਪਾਸ ਇੰਚਾਰਜ**
ਪ੍ਰੋ. ਜਗਜੀਤ ਸਿੰਘ ਹਰੀ

*ਗੈਸਟ ਫੈਕਲਟੀ ਅਸਿਸਟੈਂਟ ਪ੍ਰੋਫੈਸਰ

**ਡੀ.ਸੀ. ਰੇਟ 'ਤੇ ਕੰਮ ਕਰ ਰਹੇ ਹਨ।

## ਕਾਲਜ ਵਿੱਚ ਸ਼ੈਸ਼ਨ 2025-26 ਲਈ ਉਪਲੱਬਧ ਕੋਰਸ

| ਲੜੀ ਨੰ. | ਕੋਰਸ ਦਾ ਨਾਂ | ਸਮਾਂ | ਪ੍ਰੀਖਿਆ ਪ੍ਰਣਾਲੀ | ਸੀਟਾਂ |
|---|---|---|---|---|
| 1. | ਬੀ.ਏ. | 3+1 ਸਾਲ | ਸਮੈਸਟਰ | 200 |
| 2. | ਬੀ.ਕਾਮ. | 3+1 ਸਾਲ | ਸਮੈਸਟਰ | 60 |
| 3. | ਬੀ.ਸੀ.ਏ. ਭਾਗ-I, II ਅਤੇ III | ਤਿੰਨ ਸਾਲ | ਸਮੈਸਟਰ | 50 |
| 4. | ਪੀ.ਜੀ.ਡੀ.ਸੀ.ਏ. | ਇੱਕ ਸਾਲ | ਸਮੈਸਟਰ | 40 |
| 5. | ਐਮ.ਐਸਸੀ. (ਆਈ.ਟੀ.) | ਦੋ ਸਾਲ | ਸਮੈਸਟਰ | 40 |

## ਦਾਖ਼ਲਾ ਕਮੇਟੀ

**ਦਾਖ਼ਲਾ ਨੋਡਲ ਅਫ਼ਸਰ: ਡਾ. ਅਮਨਦੀਪ ਵਾਤਿਸ਼**

**ਬੀ.ਏ.ਭਾਗ-I, II, III ਦਾਖ਼ਲਾ ਕਮੇਟੀ :**

1. ਡਾ. ਤੇਜਿੰਦਰ ਸਿੰਘ (ਕਨਵੀਨਰ)
2. ਪ੍ਰੋ. ਬੰਸੀ ਲਾਲ
3. ਡਾ. ਸੁਖਦੀਪ ਸਿੰਘ
4. ਡਾ. ਕਾਦੰਬਰੀ ਗਾਸੋ

**ਬੀ.ਕਾਮ.ਭਾਗ-I, II, III ਦਾਖ਼ਲਾ ਕਮੇਟੀ :**

1. ਡਾ. ਦੀਪਿਕਾ ਜਿੰਦਲ (ਕਨਵੀਨਰ)
2. ਪ੍ਰੋ. ਤਨੁਸ਼ੀ ਜੈਨ
3. ਪ੍ਰੋ. ਨਜਮਾ ਪਰਵੀਨ
4. ਡਾ. ਕਮਲਜੀਤ ਸਿੰਘ

**ਬੀ.ਸੀ.ਏ.ਭਾਗ-I, II, III, ਪੀ.ਜੀ.ਡੀ.ਸੀ.ਏ ਅਤੇ ਐਮ.ਐਸਸੀ. (ਆਈ.ਟੀ.) ਦਾਖ਼ਲਾ ਕਮੇਟੀ :**

1. ਪ੍ਰੋ. ਸੋਨੀਆ ਗੱਖੜ (ਕਨਵੀਨਰ)
2. ਪ੍ਰੋ. ਜਗਜੀਤ ਸਿੰਘ ਹਰੀ
3. ਪ੍ਰੋ. ਰਮਨਦੀਪ ਕੌਰ
4. ਪ੍ਰੋ. ਬਲਜੀਤ ਕੌਰ

### ਦਾਖ਼ਲਾ ਅਤੇ ਅਕਾਦਮਿਕ ਸ਼ਡਿਊਲ

ਦਾਖ਼ਲਿਆਂ ਅਤੇ ਅਕਾਦਮਿਕ ਗਤੀਵਿਧੀਆਂ ਦਾ ਸ਼ਡਿਊਲ ਪੰਜਾਬੀ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਸਮੇਂ-ਸਮੇਂ 'ਤੇ www.gcamargarh.com 'ਤੇ ਅਪਡੇਟ ਕੀਤਾ ਜਾਂਦਾ ਹੈ। ਇਸ ਕਰਕੇ ਦਾਖ਼ਲਾ ਅਤੇ ਅਕਾਦਮਿਕ ਸ਼ਡਿਊਲ ਬਾਰੇ ਅਪ-ਟੂ-ਡੇਟ ਜਾਣਕਾਰੀ ਲਈ www.gcamargarh.com ਨੂੰ ਸਮੇਂ-ਸਮੇਂ 'ਤੇ ਵੇਖਦੇ ਰਹੋ।

# ਦਾਖ਼ਲੇ ਸੰਬੰਧੀ ਜ਼ਰੂਰੀ ਹਦਾਇਤਾਂ

1. ਸੈਸ਼ਨ 2025-26 ਲਈ ਦਾਖ਼ਲਾ ਪ੍ਰਕਿਰਿਆ ਆਨ-ਲਾਈਨ ਵਿਧੀ ਰਾਹੀਂ ਹੋਵੇਗੀ।
2. ਬੀ.ਏ./ਬੀ.ਕਾਮ./ਬੀ.ਸੀ.ਏ. ਭਾਗ ਪਹਿਲਾ, ਪੀ.ਜੀ.ਡੀ.ਸੀ.ਏ., ਐਮ.ਐਸਸੀ.(ਆਈ.ਟੀ.) ਭਾਗ ਪਹਿਲਾ (ਸਮੈਸਟਰ ਪ੍ਰਣਾਲੀ) ਕੋਰਸਾਂ ਵਿੱਚ ਦਾਖ਼ਲਾ ਪੰਜਾਬ ਸਰਕਾਰ ਵੱਲੋਂ Centralised Admission Portal ਦੇ ਰਾਹੀਂ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਦਾਖਲਾ ਸ਼ਡਿਊਲ, ਫੀਸਾਂ, ਰਾਖਵੇਂਕਰਨ ਉਪਰੰਤ ਸੀਟਾਂ ਦੀ ਵੰਡ ਅਤੇ ਦਾਖਲੇ ਲਈ ਅਪਲਾਈ ਕਰਨ ਦੀ ਪ੍ਰਕਿਰਿਆ ਪੰਜਾਬ ਸਰਕਾਰ ਵੱਲੋਂ ਵੱਖ ਤੋਂ ਨੋਟੀਫਾਈ ਕੀਤੀ ਜਾਵੇਗੀ। ਪੰਜਾਬ ਸਰਕਾਰ ਵੱਲੋਂ ਦਾਖਲਾ ਪ੍ਰਕਿਰਿਆ ਨਿਸ਼ਚਿਤ ਹੋਣ ਉਪਰੰਤ ਇਸ ਸੰਬੰਧੀ ਪੂਰੀ ਜਾਣਕਾਰੀ ਕਾਲਜ ਪੋਰਟਲ www.gcamargarh.com 'ਤੇ ਉਪਲੱਬਧ ਕਰਵਾ ਦਿੱਤੀ ਜਾਵੇਗੀ। ਇਸ ਲਈ ਉਮੀਦਵਾਰ ਸਮੇਂ-ਸਮੇਂ 'ਤੇ ਕਾਲਜ ਪੋਰਟਲ ਚੈਕ ਕਰਦੇ ਰਹਿਣ।
3 10+2 ਵਿਚ ਰੀ-ਅਪੀਅਰ ਵਾਲੇ ਵਿਦਿਆਰਥੀ ਦੇ ਦਾਖਲਿਆਂ ਸੰਬੰਧੀ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਨਿਯਮਾਂ ਦੀ ਪਾਲਣਾ ਕੀਤੀ ਜਾਵੇਗੀ। ਨਿਰਧਾਰਿਤ ਮਿਤੀਆਂ ਦੌਰਾਨ ਰੀ-ਅਪੀਅਰ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਯੋਗਤਾ ਅਨੁਸਾਰ ਦਾਖ਼ਲਾ ਦਿੱਤਾ ਜਾ ਸਕਦਾ ਹੈ, ਪਰੰਤੂ ਇਸ ਦੀ ਪ੍ਰਵਾਨਗੀ ਸੰਬੰਧਿਤ ਅਧਿਕਾਰੀ ਤੋਂ ਲੈਣੀ ਲਾਜ਼ਮੀ ਹੋਵੇਗੀ।
4. ਗੈਪ ਤੇ ਫੇਲ ਵਿਦਿਆਰਥੀਆਂ ਨੂੰ ਦਾਖ਼ਲਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਸੀਟਾਂ ਦੀ ਉਪਲੱਭਤਾ 'ਤੇ ਦਿੱਤਾ ਜਾਵੇਗਾ। ਸਾਰੇ ਆਰਜ਼ੀ ਰੂਪ ਵਿੱਚ ਹੋਏ ਦਾਖ਼ਲੇ ਯੂਨੀਵਰਸਿਟੀ ਵਲੋਂ ਅੰਤਿਮ ਪ੍ਰਵਾਨਗੀ 'ਤੇ ਹੀ ਹੋਣਗੇ।
5. ਜੇਕਰ ਯੂਨੀਵਰਸਿਟੀ ਕਿਸੇ ਵਿਦਿਆਰਥੀ ਦੇ ਦਾਖ਼ਲੇ ਦੀ ਪ੍ਰਵਾਨਗੀ ਨਹੀਂ ਭੇਜਦੀ ਤਾਂ ਭਾਵੇ ਪ੍ਰਵਾਨਗੀ ਨਾ ਮਿਲਣ ਦਾ ਕੋਈ ਵੀ ਕਾਰਨ ਹੋਵੇ, ਇਸ ਵਿੱਚ ਕਾਲਜ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।
6. ਜਿੰਨ੍ਹਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ, ਬੋਰਡ ਆਫ਼ ਸਕੂਲ ਐਜੂਕੇਸ਼ਨ ਹਰਿਆਣਾ, ਹਿਮਾਚਲ ਪ੍ਰਦੇਸ਼ ਬੋਰਡ ਆਫ਼ ਐਜੂਕੇਸ਼ਨ, ਸੀ.ਬੀ.ਐਸ.ਈ. ਬੋਰਡ ਅਤੇ ਆਈ.ਸੀ.ਐਸ.ਈ. ਬੋਰਡਾਂ ਤੋਂ ਪਾਸ ਕੀਤੀ ਹੈ, ਨੂੰ ਛੱਡਕੇ ਦੂਜੇ ਰਾਜਾਂ ਤੋਂ 10+2 ਅਤੇ ਗ੍ਰੈਜੂਏਸ਼ਨ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਕੀਤੇ ਜਾਣ ਵਾਲੇ ਦਾਖ਼ਲੇ ਕਰਨ ਤੋਂ ਪਹਿਲਾਂ ਯੂਨੀਵਰਸਿਟੀ ਦੀ ਰਜਿਸਟ੍ਰੇਸ਼ਨ ਬ੍ਰਾਂਚ ਤੋਂ ਪਾਤਰਤਾ ( Eligibility) ਸਰਟੀਫਿਕੇਟ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ। ਪਾਤਰਤਾ ਸਰਟੀਫਿਕੇਟ ਲਏ ਬਿਨਾਂ ਕਾਲਜ ਵਿੱਚ ਦਾਖ਼ਲਾ ਨਹੀਂ ਦਿੱਤਾ ਜਾਵੇਗਾ।
7. ਜਿਹੜੇ ਵਿਦਿਆਰਥੀ ਹੇਠਲੀ ਪ੍ਰੀਖਿਆ ਬਾਹਰਲੇ ਰਾਜਾਂ ਦੇ ਬੋਰਡ/ਯੂਨੀਵਰਸਿਟੀ ਤੋਂ ਪਾਸ ਕਰਨ ਉਪਰੰਤ ਇਸ ਕਾਲਜ ਵਿੱਚ ਦਾਖ਼ਲਾ ਲੈਂਦੇ ਹਨ, ਉਹ ਵਿਦਿਆਰਥੀ ਆਪਣਾ ਸੰਬੰਧਿਤ ਬੋਰਡ/ਯੂਨੀਵਰਸਿਟੀ ਦਾ ਅਸਲ ਮਾਈਗ੍ਰੇਸ਼ਨ ਸਰਟੀਫਿਕੇਟ ਅਤੇ ਅਸਲ ਡਿਟੇਲ ਮਾਰਕਸ ਕਾਰਡ ਦਾਖ਼ਲੇ ਸਮੇਂ ਜਮ੍ਹਾਂ ਕਰਵਾਉਣਗੇ। ਇਹ ਅਸਲ ਦਸਤਾਵੇਜ਼ ਯੂਨੀਵਰਸਿਟੀ ਨੂੰ ਰਜਿਸਟ੍ਰੇਸ਼ਨ ਲਈ ਭੇਜੇ ਜਾਣਗੇ। ਯੂਨੀਵਰਸਿਟੀ ਤੋਂ ਵਾਪਸ ਆਉਣ 'ਤੇ ਦਸਤਾਵੇਜ਼ ਪ੍ਰਾਪਤ ਕਰਨ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੈ। ਇਸ ਲਈ ਦਫਤਰ ਨਾਲ ਸੰਪਰਕ ਰੱਖਿਆ ਜਾਵੇ।
8. ਜਿਹੜੇ ਵਿਦਿਆਰਥੀ ਹੇਠਲੀ ਪ੍ਰੀਖਿਆ ਬਾਹਰਲੇ ਰਾਜਾਂ ਦੇ ਬੋਰਡ/ਯੂਨੀਵਰਸਿਟੀ ਤੋਂ ਪਾਸ ਕਰਨ ਉਪਰੰਤ ਇਸ ਕਾਲਜ ਵਿੱਚ ਦਾਖ਼ਲਾ ਲੈਂਦੇ ਹਨ, ਅਜਿਹੇ ਵਿਦਿਆਰਥੀਆਂ ਦਾ ਦਾਖ਼ਲਾ ਉਦੋਂ ਤੱਕ ਆਰਜ਼ੀ ਰਹੇਗਾ ਜਦੋਂ ਤੱਕ ਉਹਨਾਂ ਦੇ ਸੰਬੰਧਿਤ ਬੋਰਡ/ਯੂਨੀਵਰਸਿਟੀ ਵਲੋਂ ਅਸਲ ਦਸਤਾਵੇਜ਼ ਵੈਰੀਫੀਕੇਸ਼ਨ ਹੋ ਕੇ ਨਹੀਂ ਆਉਂਦੇ।

9. ਸੈਸ਼ਨ 2025-26 ਤੋਂ ਸਮੈਸਟਰ ਪ੍ਰਣਾਲੀ ਅਧੀਨ ਵੱਖ-ਵੱਖ ਕੋਰਸਾਂ ਵਿੱਚ ਪੁਨਰ ਮਲੁਾਂਕਣ ਦੇ ਅਧਾਰ 'ਤੇ ਅਗਲੀ ਕਲਾਸ ਵਿੱਚ ਦਾਖ਼ਲਾ ਯੂਨੀਰਸਿਟੀ ਵੱਲੋਂ ਨਿਰਧਾਰਿਤ ਨਿਯਮਾਂ ਦੇ ਅਨੁਸਾਰ ਹੀ ਕੀਤਾ ਜਾਵੇਗਾ।
10. ਬੀ.ਏ. ਸਮੈਸਟਰ ਪਹਿਲਾਂ ਵਿੱਚ ਇਕ ਚੋਣਵਾਂ ਵਿਸ਼ਾ ਦਾਖ਼ਲੇ ਦੀ ਮਿਤੀ ਤੋਂ ਚਾਰ ਹਫਤਿਆਂ ਦੇ ਅੰਦਰ-ਅੰਦਰ ਕਾਲਜ ਪੱਧਰ 'ਤੇ ਬਦਲਣ ਦੀ ਸੁਵਿਧਾ ਹੋਵੇਗੀ। ਇਸ ਉਪਰੰਤ ਬੀ.ਏ. ਦੇ ਕਿਸੇ ਵੀ ਸਮੈਸਟਰ ਵਿਚ ਵਿਸ਼ਾ ਬਦਲਣ ਦੀ ਪ੍ਰਵਾਨਗੀ ਨਹੀਂ ਹੋਵੇਗੀ ਅਤੇ ਨਾ ਹੀ ਕੋਈ ਵਿਸ਼ਾ ਬਦਲਣ ਦਾ ਕੇਸ ਯੂਨੀਵਰਸਿਟੀ ਵਲੋਂ ਵਿਚਾਰਿਆ ਜਾਵੇਗਾ।
11. ਕਾਲਜ ਦੀ ਵਿਵਸਥਾ ਨੂੰ ਧਿਆਨ ਵਿਚ ਰੱਖਦੇ ਹੋਏ ਪ੍ਰਿੰਸੀਪਲ ਵਲੋਂ ਕਿਸੇ ਵੀ ਦਾਖ਼ਲੇ ਜਾਂ ਮੁੜ ਦਾਖਲੇ ਤੋਂ ਮਨ੍ਹਾਂ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਕਿਸੇ ਵੀ ਵਿਸ਼ੇ ਵਿੱਚ ਪ੍ਰਿੰਸੀਪਲ ਵਲੋਂ ਟੀਚਿੰਗ ਸਟਾਫ਼ ਦੀ ਉਪਲੱਬਧਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਦਿਆਰਥੀਆਂ ਦੀ ਗਿਣਤੀ ਸੀਮਿਤ ਕੀਤੀ ਜਾ ਸਕਦੀ ਹੈ।
12. ਸੰਬੰਧਿਤ ਜਮਾਤ ਲਈ ਯੂਨੀਵਰਸਿਟੀ ਦੁਆਰਾ ਨਿਰਧਾਰਿਤ ਸਿਲੇਬਸ ਵਿੱਚ ਦਰਜ਼ ਸਾਰੇ ਨਿਯਮਾਂ/ਸ਼ਰਤਾਂ ਨੂੰ ਪੂਰਾ ਕਰਨ ਦੀ ਪੂਰਨ ਜਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ।
13. ਰਿਵਰਟ (Revert) ਹੋਏ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ।
14. ਕਿਸੇ ਕਲਾਸ ਵਿਚ ਦਾਖ਼ਲ ਹੋਇਆ ਵਿਦਿਆਰਥੀ ਕੋਰਸ ਦੀ ਮਿਆਦ ਦੌਰਾਨ ਕਿਸੇ ਹੋਰ ਸੰਸਥਾ ਵਿਚ ਦਾਖਲ ਨਹੀਂ ਹੋ ਸਕਦਾ ਅਤੇ ਨਾ ਹੀ ਕਿਤੇ ਨੌਕਰੀ ਕਰ ਸਕਦਾ ਹੈ, ਅਜਿਹਾ ਕਰਨ ਵਾਲੇ ਵਿਦਿਆਰਥੀ ਦਾ ਦਾਖਲਾ ਰੱਦ ਕੀਤਾ ਜਾ ਸਕਦਾ ਹੈ।
15. ਝੂਠੇ ਹਲਫ਼ੀਆ ਬਿਆਨ ਦੇ ਆਧਾਰ 'ਤੇ ਲਿਆ ਗਿਆ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ ਅਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
16. ਮਾਪਿਆਂ/ਸਰਪ੍ਰਸਤ/ਉਮੀਦਵਾਰ ਨੂੰ ਸਲਾਹ ਦਿੱਤੀ ਜਾਂਦੀ ਹੈ, ਉਹ ਪਹਿਲਾਂ ਹੀ ਪਾਤਰਤਾ ਬਾਰੇ ਦਫ਼ਤਰ ਤੋਂ ਪੁੱਛ-ਗਿੱਛ ਕਰਕੇ ਪੂਰੀ ਜਾਣਕਾਰੀ ਪ੍ਰਾਪਤ ਕਰ ਲੈਣ ਤਾਂ ਜੋ ਬਾਅਦ ਵਿੱਚ ਨਕਾਰਣ ਅਤੇ ਹੋਰ ਦਿੱਕਤਾਂ ਤੋਂ ਬਚਿਆ ਜਾ ਸਕੇ।
17. ਫੀਸਾਂ ਬਾਰੇ ਹਦਾਇਤਾਂ:
   - ਫੀਸਾਂ ਅਤੇ ਫੰਡਾਂ ਦੀਆਂ ਦਰਾਂ ਪੰਜਾਬ ਸਰਕਾਰ/ਪੰਜਾਬੀ ਯੂਨੀਵਰਸਿਟੀ ਦੀ ਹਦਾਇਤਾਂ ਅਨੁਸਾਰ ਬਿਨ੍ਹਾਂ ਅਗਾਂਊ ਨੋਟਿਸ ਦਿੱਤੇ ਤਬਦੀਲੀ ਯੋਗ ਹੋਣਗੀਆਂ ਅਤੇ ਹਰ ਵਿਦਿਆਰਥੀ 'ਤੇ ਲਾਗੂ ਹੋਣਗੀਆਂ।
   - ਦਾਖ਼ਲੇ ਵੇਲੇ ਵਿਦਿਆਰਥੀਆਂ ਨੂੰ ਪੂਰੇ ਸੈਸ਼ਨ ਦੀ ਫੀਸ ਅਤੇ ਹੋਰ ਸਲਾਨਾ ਫੰਡ ਆਦਿ ਭਰਨੇ ਪੈਣਗੇ।
   - Odd ਸਮੈਸਟਰ ਅਤੇ Even ਸਮੈਸਟਰ ਦੀ ਪ੍ਰੀਖਿਆ ਫੀਸ ਵੀ ਦਾਖਲੇ ਵੇਲੇ ਹੀ ਲਈ ਜਾਵੇਗੀ
   - ਦਫਤਰ ਵੱਲੋਂ ਸੂਚਿਤ ਮਿਤੀਆਂ ਨੂੰ ਫੀਸਾਂ ਅਤੇ ਜੁਰਮਾਨੇ ਭਰਨੇ ਵਿਦਿਆਰਥੀ ਲਈ ਲਾਜ਼ਮੀ ਹਨ। ਫੀਸ ਨਾ ਭਰਨ ਵਾਲੇ ਵਿਦਿਆਰਥੀ ਦਾ ਨਾਮ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ।
   - ਬੈਂਕ ਡਰਾਫਟ, ਚੈਕ, ਪੋਸਟਲ ਆਰਡਰ ਆਦਿ ਫੀਸ ਵਜੋਂ ਪ੍ਰਵਾਨ ਨਹੀਂ ਕੀਤੇ ਜਾਣਗੇ। ਸਮੁੱਚੀ ਫੀਸ ਆਨ-ਲਾਈਨ ਕਾਲਜ ਪੋਰਟਲ gcamargarh.com 'ਤੇ ਭਰੀ ਜਾਵੇਗੀ। ਫੀਸ Debit Card, Credit Card ਜਾਂ Net Banking ਰਾਹੀਂ ਹੀ ਭਰੀ ਜਾ ਸਕਦੀ ਹੈ।
   - ਇੱਕ ਵਾਰ ਜਮ੍ਹਾਂ ਕਰਵਾਈ ਫੀਸ ਕਾਲਜ ਵਿੱਚੋਂ ਨਾਮ ਕੱਟਣ ਉਪਰੰਤ ਰਿਫੰਡ ਨਹੀਂ ਹੋਵੇਗੀ।
18. **ਬੀ.ਏ./ਬੀ.ਕਾਮ./ਬੀ.ਸੀ.ਏ. ਭਾਗ ਦੂਜਾ ਅਤੇ ਤੀਜਾ ਦਾ ਦਾਖਲਾ** ਕਾਲਜ ਪੋਰਟਲ ਦੇ ਰਾਹੀਂ ਹੀ ਕੀਤਾ ਜਾਵੇਗਾ। ਦਾਖਲੇ ਦੀ ਪ੍ਰਕਿਰਿਆ ਪੂਰੀ ਤਰ੍ਹਾਂ ਆਨ-ਲਾਈਨ ਹੀ ਹੋਵੇਗੀ। ਦਾਖਲੇ ਦੇ ਉਮੀਦਵਾਰ ਵਿਦਿਆਰਥੀ ਕਾਲਜ ਪੋਰਟਲ'ਤੇ ਪਿਛਲੀ ਕਲਾਸਾਂ ਦੇ ਨਤੀਜੇ ਅਪਡੇਟ ਕਰਕੇ ਦਾਖਲੇ ਲਈ ਅਪਲਾਈ ਕਰ ਸਕਦੇ ਹਨ। ਦਾਖਲੇ ਦਾ ਸ਼ਡਿਊਲ ਕਾਲਜ ਪੋਰਟਲ'ਤੇ ਉਪਲਬਧ ਹੈ ਅਤੇ ਸਮੇਂ ਸਮੇਂ ਤੇ ਅਪਡੇਟ ਕੀਤਾ ਜਾਵੇਗਾ।

# ਮਹੱਤਵਪੂਰਨ ਵੈਬ ਸਾਈਟਾਂ ਦੇ ਲਿੰਕ

ਕੁੱਝ ਮਹੱਤਵਪੂਰਨ ਵੈਬ-ਸਾਈਟਾਂ ਜਿਨ੍ਹਾਂ ਦੀ ਵਿਦਿਆਰਥੀਆਂ ਨੂੰ ਸਮੇਂ-ਸਮੇਂ" ਤੇ ਲੋੜ੍ਹ ਪੈਂਦੀ ਹੈ, ਉਹਨਾਂ ਦੇ ਲਿੰਕ ਹੇਠ ਲਿਖੇ ਅਨੁਸਾਰ ਹਨ:

<u>ਦਾਖਲੇ ਨਾਲ ਸੰਬੰਧਤ ਵੈਬ-ਸਾਈਟਾਂ</u>

1. ਕਾਲਜ ਪੋਰਟਲ : www.gcamargarh.com
2. Centralised Admission Portal : www.admission.punjab.gov.in

<u>ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸੰਬੰਧਤ ਵੈਬ-ਸਾਈਟਾਂ</u>

3. ਮੁੱਖ ਪੋਰਟਲ : www.punjabiuniversity.ac.in
4. ਸਿਲੇਬਸ : www.punjabiuniversity.ac.in/syllabi/index.php
5. ਪ੍ਰੀਖਿਆ ਫਾਰਮ ਭਰਨ ਲਈ : www.pupexamination.ac.in/
6. ਯੂਨੀਵਰਸਿਟੀ ਪ੍ਰੀਖਿਆਵਾਂ ਦੀ ਡੇਟਸ਼ੀਟ : pupdepartments.ac.in/puexam/t2/dsup/links.php
7. ਯੂਨੀਵਰਸਿਟੀ ਪ੍ਰੀਖਿਆਵਾਂ ਦੇ ਨਤੀਜੇ : pupdepartments.ac.in/puexam/main.htm

<u>ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਨਾਲ ਸੰਬੰਧਤ ਵੈਬ-ਸਾਈਟਾਂ</u>

8. ਮੁੱਖ ਪੋਰਟਲ : www.psou.ac.in

<u>ਸਕਾਲਰਸ਼ਿਪ ਨਾਲ ਸੰਬੰਧਤ ਵੈਬ-ਸਾਈਟਾਂ</u>

9. ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ : www.scholarships.punjab.gov.in
10. ਨੈਸ਼ਨਲ ਸਕਾਲਰਸ਼ਿਪ ਪੋਰਟਲ : www.scholarships.gov.in

## ਉਪਲੱਬਧ ਕੋਰਸਾਂ ਵਿੱਚ ਦਾਖ਼ਲੇ ਲਈ ਯੋਗਤਾ

ਬੀ.ਏ.-I (ਸਮੈਸਟਰ ਪ੍ਰਣਾਲੀ):

ਉਮੀਦਵਾਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਿਤ ਬੋਰਡ ਜਾਂ ਸੰਸਥਾ ਤੋਂ 10+2 ਜਾਂ ਉਸ ਦੇ ਬਰਾਬਰ ਦਾ ਮਾਨਤਾ ਪ੍ਰਾਪਤ ਇਮਤਿਹਾਨ ਪਾਸ ਕੀਤਾ ਹੋਵੇ। ਸਾਇੰਸ ਜਾਂ ਕਾਮਰਸ ਦੇ ਵਿਸ਼ਿਆਂ ਨਾਲ +2 ਪਾਸ ਕਰਨ ਵਾਲੇ ਵਿਦਿਆਰਥੀ ਵੀ ਬੀ.ਏ. ਭਾਗ-I ਵਿੱਚ ਦਾਖ਼ਲਾ ਲੈ ਸਕਦੇ ਹਨ। **ਗਣਿਤ ਵਿਸ਼ਾ ਲੈਣ ਸੰਬੰਧੀ:** ਬੀ.ਏ. ਭਾਗ-I ਵਿੱਚ ਕੇਵਲ ਉਹ ਵਿਦਿਆਰਥੀ ਗਣਿਤ ਦਾ ਵਿਸ਼ਾ ਲੈ ਸਕਦੇ ਹਨ, ਜਿਸ ਨੇ ਪਹਿਲਾਂ +2 ਦਾ ਇਮਤਿਹਾਨ ਗਣਿਤ ਵਿਸ਼ੇ ਨਾਲ ਪਾਸ ਕੀਤਾ ਹੋਵੇ।

ਬੀ.ਏ.-II ਅਤੇ III (ਸਮੈਸਟਰ ਪ੍ਰਣਾਲੀ):

ਤੀਜੇ ਸਮੈਸਟਰ ਵਿੱਚ ਦਾਖ਼ਲੇ ਲਈ ਵਿਦਿਆਰਥੀ ਨੂੰ ਪਹਿਲੇ ਦੋ ਸਮੈਸਟਰ (ਪਹਿਲੇ ਸਾਲ ਦੇ) ਦੇ ਘੱਟੋ-ਘੱਟ 50% ਪੇਪਰ ਪਾਸ ਕਰਨੇ ਲਾਜ਼ਮੀ ਹਨ ਅਤੇ ਇਸੇ ਤਰ੍ਹਾਂ ਪੰਜਵੇਂ ਸਮੈਸਟਰ ਵਿੱਚ ਦਾਖ਼ਲੇ ਸਮੇਂ ਵਿਦਿਆਰਥੀ ਨੂੰ ਪਹਿਲੇ ਚਾਰੋ ਸਮੈਸਟਰ (ਦੋ ਸਾਲ ਦੇ) ਦੇ ਘੱਟੋ-ਘੱਟ 50% ਪੇਪਰ ਪਾਸ ਕਰਨੇ ਲਾਜ਼ਮੀ ਹਨ। ਜੇਕਰ ਤੀਜੇ/ਪੰਜਵੇ ਸਮੈਸਟਰ ਦੇ ਦਾਖ਼ਲੇ ਸਮੇਂ, ਦੂਜੇ/ਚੌਥੇ ਸਮੈਸਟਰ ਦਾ ਨਤੀਜਾ ਨਹੀਂ ਆਇਆ ਤਾਂ ਦਾਖ਼ਲਾ ਆਰਜ਼ੀ ਤੌਰ ਤੇ ਕੀਤਾ ਜਾ ਸਕਦਾ ਹੈ। ਪਰ ਵਿਦਿਆਰਥੀ ਤੀਜੇ/ਪੰਜਵੇ ਸਮੈਸਟਰ ਦੇ ਇਮਤਿਹਾਨ ਤਾਂ ਹੀ ਦੇ ਸਕਦਾ ਹੈ, ਜੇਕਰ ਉਹ ਪਿਛਲੇ ਦੋ ਸਮੈਸਟਰ ਦੇ 50% ਪੇਪਰਾਂ ਵਿੱਚ ਪਾਸ ਹੋਵੇਗਾ।

ਬੀ.ਕਾਮ.-I (ਸਮੈਸਟਰ ਪ੍ਰਣਾਲੀ):

ਬੀ.ਕਾਮ ਭਾਗ ਪਹਿਲਾ ਵਿੱਚ ਦਾਖਲਾ ਲੈਣ ਲਈ ਉਮੀਦਵਾਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਿਤ ਬੋਰਡ ਜਾਂ ਸੰਸਥਾ ਤੋਂ 10+2 ਹੇਠ ਲਿਖੇ ਅਨੁਸਾਰ ਪਾਸ ਕੀਤੀ ਹੋਵੇ:-

1. 40% ਅੰਕਾਂ ਨਾਲ ਜੇਕਰ +2 ਕਾਮਰਸ ਗਰੁੱਪ ਵਿੱਚ ਹੈ; ਜਾਂ 45% ਅੰਕਾਂ ਨਾਲ ਜੇਕਰ +2 ਆਰਟਸ ਗਰੁੱਪ ਵਿੱਚ ਹੈ, ਪ੍ਰੰਤੂ ਉਮੀਦਵਾਰ ਕੋਲ ਕਾਮਰਸ/ਅਕਾਊਂਟ /ਮੈਥ/ਅਰਥ-ਸ਼ਾਸਤਰ/ਮੈਨੇਜਮੈਂਟ ਵਿੱਚੋਂ ਦੋ ਵਿਸ਼ੇ ਹੋਣਾ ਲਾਜ਼ਮੀ ਹਨ;
2. 50% ਅੰਕ ਵਾਲੀ ਸ਼ਰਤ ਉਹਨਾਂ ਉਮੀਦਵਾਰਾਂ ਲਈ ਹੈ ਜੋ ਕਿ ਨੁਕਤਾ ਨੰ: 1 ਵਿੱਚ ਨਹੀਂ ਆਉਂਦੇ ਹਨ।

ਬੀ.ਕਾਮ.-II ਅਤੇ III (ਸਮੈਸਟਰ ਪ੍ਰਣਾਲੀ):

ਤੀਜੇ ਸਮੈਸਟਰ ਵਿੱਚ ਦਾਖ਼ਲੇ ਲਈ ਵਿਦਿਆਰਥੀ ਨੂੰ ਪਹਿਲੇ ਦੋ ਸਮੈਸਟਰ (ਪਹਿਲੇ ਸਾਲ ਦੇ) ਦੇ ਘੱਟੋ-ਘੱਟ 50% ਪੇਪਰ ਪਾਸ ਕਰਨੇ ਲਾਜ਼ਮੀ ਹਨ ਅਤੇ ਇਸੇ ਤਰ੍ਹਾਂ ਪੰਜਵੇਂ ਸਮੈਸਟਰ ਵਿੱਚ ਦਾਖ਼ਲੇ ਸਮੇਂ ਵਿਦਿਆਰਥੀ ਨੂੰ ਪਹਿਲੇ ਚਾਰੋ ਸਮੈਸਟਰ (ਦੋ ਸਾਲ ਦੇ) ਦੇ ਘੱਟੋ-ਘੱਟ 50% ਪੇਪਰ ਪਾਸ ਕਰਨੇ ਲਾਜ਼ਮੀ ਹਨੀ ਜੇਕਰ ਤੀਜੇ/ਪੰਜਵੇ ਸਮੈਸਟਰ ਦੇ ਦਾਖ਼ਲੇ ਸਮੇਂ, ਦੂਜੇ/ਚੌਥੇ ਸਮੈਸਟਰ ਦਾ ਨਤੀਜਾ ਨਹੀਂ ਆਇਆ ਤਾਂ ਦਾਖ਼ਲਾ ਆਰਜ਼ੀ ਤੌਰ 'ਤੇ ਕੀਤਾ ਜਾ ਸਕਦਾ ਹੈ ਪਰ ਵਿਦਿਆਰਥੀ ਤੀਜੇ/ਪੰਜਵੇ ਸਮੈਸਟਰ ਦੇ ਇਮਤਿਹਾਨ ਤਾਂ ਹੀ ਦੇ ਸਕਦਾ ਹੈ, ਜੇਕਰ ਉਹ ਪਿਛਲੇ ਦੋ ਸਮੈਸਟਰ ਦੇ 50% ਪੇਪਰਾਂ ਵਿੱਚ ਪਾਸ ਹੋਵੇਗਾ।

ਬੀ.ਸੀ.ਏ.-I (ਸਮੈਸਟਰ ਪ੍ਰਣਾਲੀ):

ਉਮੀਦਵਾਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਿਤ ਬੋਰਡ ਜਾਂ ਸੰਸਥਾ ਤੋਂ 10+2 ਜਾਂ ਉਸ ਦੇ ਬਰਾਬਰ ਦਾ ਮਾਨਤਾ ਪ੍ਰਾਪਤ ਇਮਤਿਹਾਨ ਪਾਸ ਕੀਤਾ ਹੋਵੇ। +2 ਗਣਿਤ ਵਿਸ਼ੇ ਨਾਲ ਪਾਸ ਕੀਤੇ ਹੋਣ 'ਤੇ 10% ਦੀ ਵਾਧੂ weightage ਦਿੱਤੀ ਜਾਵੇਗੀ।

ਬੀ.ਸੀ.ਏ.-II (ਸਮੈਸਟਰ ਪ੍ਰਣਾਲੀ):

ਤੀਜੇ ਸਮੈਸਟਰ ਵਿੱਚ ਦਾਖ਼ਲੇ ਲਈ ਵਿਦਿਆਰਥੀ ਨੂੰ ਪਹਿਲੇ ਦੋ ਸਮੈਸਟਰ (ਪਹਿਲੇ ਸਾਲ ਦੇ) ਦੇ ਘੱਟੋ-ਘੱਟ 50% ਪੇਪਰ ਪਾਸ ਕਰਨੇ ਲਾਜ਼ਮੀ ਹਨ। ਜੇਕਰ ਤੀਜੇ ਸਮੈਸਟਰ ਦੇ ਦਾਖ਼ਲੇ ਸਮੇਂ, ਦੂਜੇ ਸਮੈਸਟਰ ਦਾ ਨਤੀਜਾ ਨਹੀਂ ਆਇਆ ਤਾਂ ਦਾਖ਼ਲਾ ਆਰਜ਼ੀ ਤੌਰ 'ਤੇ ਕੀਤਾ ਜਾ ਸਕਦਾ ਹੈ ਪਰ ਵਿਦਿਆਰਥੀ ਤੀਜੇ ਸਮੈਸਟਰ ਦੇ ਇਮਤਿਹਾਨ ਤਾਂ ਹੀ ਦੇ ਸਕਦਾ ਹੈ, ਜੇਕਰ ਉਹ ਪਿਛਲੇ ਦੋ ਸਮੈਸਟਰ ਦੇ 50% ਪੇਪਰਾਂ ਵਿੱਚ ਪਾਸ ਹੋਵੇਗਾ।

ਐਮ.ਐਸਸੀ.(ਆਈ.ਟੀ.)-I (ਸਮੈਸਟਰ ਪ੍ਰਣਾਲੀ):

ਉਮੀਦਵਾਰ ਜਿਸ ਨੇ ਬੀ.ਏ./ਬੀ.ਸੀ.ਏ./ਬੀ.ਐਸਸੀ./ਬੀ.ਕਾਮ. ਜਾਂ ਬਰਾਬਰ ਦੀ ਪ੍ਰੀਖਿਆ ਵਿੱਚੋਂ ਘੱਟ-ਘੱਟ 50% ਅੰਕ ਨਾਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਜਾਂ ਕਿਸੇ ਹੋਰ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਪਾਸ ਕੀਤੀ ਹੋਵੇ, ਦਾਖਲੇ ਦੇ ਯੋਗ ਹੈ।

ਪੀ.ਜੀ.ਡੀ.ਸੀ.ਏ. (ਸਮੈਸਟਰ ਪ੍ਰਣਾਲੀ):

ਉਮੀਦਵਾਰ ਜਿਸ ਨੇ ਬੀ.ਏ./ਬੀ.ਸੀ.ਏ./ਬੀ.ਐਸਸੀ./ਬੀ.ਕਾਮ. ਜਾਂ ਬਰਾਬਰ ਦੀ ਪ੍ਰੀਖਿਆ ਵਿੱਚੋਂ ਘੱਟ-ਘੱਟ 50% ਅੰਕ ਨਾਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਜਾਂ ਕਿਸੇ ਹੋਰ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਪਾਸ ਕੀਤੀ ਹੋਵੇ, ਦਾਖਲੇ ਦੇ ਯੋਗ ਹੈ।

ਕਿੱਤਾ-ਮੁਖੀ ਕੋਰਸ (ਸਮੈਸਟਰ ਪ੍ਰਣਾਲੀ):

ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਿਤ ਬੋਰਡ ਜਾਂ ਸੰਸਥਾ ਤੋਂ 10+2 ਜਾਂ ਉਸ ਦੇ ਬਰਾਬਰ ਦਾ ਮਾਨਤਾ ਪ੍ਰਾਪਤ ਇਮਤਿਹਾਨ ਪਾਸ ਕੀਤਾ ਹੋਵੇ ਜਾਂ ਕੋਈ ਵੀ ਗਰੈਜੂਏਸ਼ਨ ਦੇ ਨਾਲ-ਨਾਲ ਇਹ ਸਰਟੀਫਿਕੇਟ/ ਡਿਪਲੋਮਾ ਕੋਰਸ ਕਰਨ ਦੇ ਯੋਗ ਹੈ।

# ਵਿਸ਼ਿਆਂ ਦੀ ਚੋਣ

**ਬੀ.ਏ./ਬੀ.ਏ. ਆਨਰਜ਼ ਦੇ ਵਿਦਿਆਰਥੀਆਂ ਲਈ:**

| ਗਰੁੱਪ (ੳ) Major/ Minor | ਗਰੁੱਪ (ਅ) Major/ Minor | ਗਰੁੱਪ (ੲ) Major/ Minor | ਗਰੁੱਪ (ਸ) Major/ Minor |
|---|---|---|---|
| ਪੰਜਾਬੀ ਸਾਹਿਤ/ ਅੰਗਰੇਜ਼ੀ ਸਾਹਿਤ | ਅਰਥ-ਸ਼ਾਸਤਰ/ ਸਰੀਰਿਕ ਸਿੱਖਿਆ | ਇਤਿਹਾਸ/ ਗਣਿਤ | ਰਾਜਨੀਤੀ ਸ਼ਾਸਤਰ/ ਕੰਪਿਊਟਰ ਐਪਲੀਕੇਸ਼ਨ |

ਨੋਟ:-

1. Multidisciplinary ਬੀ.ਏ./ਬੀ.ਏ. ਆਨਰਜ਼ ਦੇ ਵਿਦਿਆਰਥੀ ਨੂੰ ਉਪਰੋਕਤ ਕਿਸੇ ਤਿੰਨ ਗਰੁੱਪਾਂ ਵਿੱਚੋਂ ਕੋਈ ਤਿੰਨ ਵਿਸ਼ੇ Major ਵਿਸ਼ੇ ਵਜੋਂ ਅਤੇ ਬਾਕੀ ਇੱਕ ਗਰੁੱਪ ਵਿੱਚੋਂ ਇੱਕ ਵਿਸ਼ਾ Minor ਵਿਸ਼ੇ ਵਜੋਂ ਰੱਖਣਾ ਹੋਵੇਗਾ।
2. ਉਪਰੋਕਤ ਤੋਂ ਇਲਾਵਾ ਵਿਦਿਆਰਥੀ ਨੂੰ ਪੰਜਾਬੀ ਲਾਜ਼ਮੀ ਅਤੇ Ability Enhancement Subjects (AEC) ਅਧੀਨ General English ਦੇ ਵਿਸ਼ੇ ਰੱਖਣੇ ਲਾਜ਼ਮੀ ਹੋਣਗੇ।
3. ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਹਦਾਇਤਾਂ ਅਤੇ ਕਾਲਜ ਵੱਲੋਂ ਦਿੱਤੇ ਆਪਸ਼ਨ ਅਨੁਸਾਰ Inter-Disciplinary Course/ Multi-Disciplinary Course (IDC/MDC) ਅਤੇ Skill Enhancement Courses (SEC) ਅਧੀਨ ਵਿਦਿਆਰਥੀ ਨੂੰ ਕੋਈ ਇੱਕ-ਇੱਕ ਵਿਸ਼ਾ ਰੱਖਣਾ ਲਾਜ਼ਮੀ ਹੋਵੇਗਾ। ਕਿਸੇ ਵੀ ਸਮੈਸਟਰ ਵਿੱਚ ਇੱਕ ਵਾਰ ਚੁਣਿਆ ਗਿਆ ਕੋਈ ਵੀ IDC/MDC ਵਿਸ਼ਾ ਜਾਂ SEC ਵਿਸ਼ਾ ਕਿਸੇ ਹੋਰ ਸਮੈਸਟਰ ਵਿੱਚ ਦੁਹਰਾਇਆ ਨਹੀਂ ਜਾ ਸਕਦਾ।
4. ਇਸ ਤੋਂ ਇਲਾਵਾ ਵਿਦਿਆਰਥੀ ਨੂੰ ਹੇਠ ਲਿਖੇ ਅਨੁਸਾਰ Value Added Course (VAC) ਰੱਖਣਾ ਹੋਵੇਗਾ:

   Value Added course: Semester I - VAC1101T: Environment and Road Safety
   Semester II - VAC1201T: Drug Abuse
   Semester III - VAC2101T: Yoga and Meditation
   Semester IV - VAC2201T: Nutrition and Dietetics
5. ਬੀ.ਏ. ਸਮੈਸਟਰ ਪਹਿਲਾ ਵਿੱਚ ਵਿਸ਼ਾ ਬਦਲੀ ਦਾਖ਼ਲੇ ਦੀ ਮਿਤੀ ਤੋਂ ਚਾਰ ਹਫ਼ਤਿਆਂ ਦੇ ਅੰਦਰ-ਅੰਦਰ ਕਾਲਜ ਪੱਧਰ 'ਤੇ ਬਦਲਣ ਦੀ ਸੁਵਿਧਾ ਹੋਵੇਗੀ। ਇਸ ਉਪਰੰਤ ਇਸ ਬਾਬਤ ਕੋਈ ਕੇਸ ਕਾਲਜ ਪੱਧਰ 'ਤੇ ਜਾਂ ਯੂਨੀਵਰਸਿਟੀ ਪੱਧਰ 'ਤੇ ਨਹੀਂ ਵਿਚਾਰਿਆ ਜਾਵੇਗਾ।
6. ਵਿਦਿਆਰਥੀਆਂ ਨੂੰ ਪੰਜਾਬੀ (ਲਾਜ਼ਮੀ) ਦੀ ਥਾਂ 'ਤੇ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹਨ ਦੇਣ ਦੀ ਪ੍ਰਵਾਨਗੀ ਯੂਨੀਵਰਸਿਟੀ ਵੱਲੋਂ ਜਾਰੀ ਸ਼ਰਤਾਂ ਅਨੁਸਾਰ ਹੀ ਦਿੱਤੀ ਜਾਵੇਗੀ।
7. ਬੀ.ਏ. ਭਾਗ ਪਹਿਲਾ ਵਿੱਚ ਸਰੀਰਿਕ ਸਿੱਖਿਆ ਦਾ ਵਿਸ਼ਾ ਫਿਜ਼ੀਕਲ ਫਿਟਨੈੱਸ ਟੈਸਟ 'ਤੇ ਸਪੋਰਟਸ ਮੈਰਿਟ ਦੇ ਆਧਾਰ 'ਤੇ ਦਿੱਤਾ ਜਾਵੇਗਾ। ਸਰੀਰਿਕ ਸਿੱਖਿਆ ਵਿਸ਼ੇ ਵਿੱਚ ਸੀਟਾਂ ਦੀ ਗਿਣਤੀ 80 ਹੈ।
8. **ਡੀ.ਪੀ.ਆਈ. (ਕਾਲਜਾਂ), ਪੰਜਾਬ ਸਰਕਾਰ ਦੇ ਪੱਤਰ ਨੰ: 15/11-2005 ਕਾ.ਐਜੂ. (1)/1998-2045 ਮਿਤੀ 07-07-2005 ਦੇ ਅਨੁਸਾਰ ਕਾਲਜ 'ਚ ਪੜ੍ਹਾਏ ਜਾਣ ਵਾਲੇ ਹਰ ਵਿਸ਼ੇ ਦੀ ਮੁੱਢਲੀ ਕਲਾਸ ਵਿਚ ਘੱਟ ਤੋਂ ਘੱਟ 20 ਵਿਦਿਆਰਥੀ ਦਾਖ਼ਲ ਹੋਣੇ ਚਾਹੀਦੇ ਹਨ ਅਤੇ ਵਿਸ਼ਾ ਬਦਲੀ ਉਪਰੰਤ ਵੀ ਘੱਟੋ-ਘੱਟ 10 ਵਿਦਿਆਰਥੀ ਉਸ ਕਲਾਸ ਵਿਚ ਜ਼ਰੂਰ ਰਹਿਣ ਤਾਂ ਹੀ ਇਸ ਵਿਸ਼ੇ ਨੂੰ ਪੜ੍ਹਾਉਣ ਦੀ ਆਗਿਆ ਦਿੱਤੀ ਜਾਵੇਗੀ।**
9. ਕਿਸੇ ਵੀ ਵਿਦਿਆਰਥੀ ਨੂੰ ਉਹ ਵਿਸ਼ਾ ਪੜ੍ਹਨ ਦੀ ਆਗਿਆ ਨਹੀਂ ਹੈ, ਜੋ ਇਸ ਕਾਲਜ ਵਿੱਚ ਪੜ੍ਹਾਇਆ ਹੀ ਨਹੀਂ ਜਾਂਦਾ।

ਨੋਟ:

**ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਆਦੇਸ਼ ਅਨੁਸਾਰ ਉਨ੍ਹਾਂ ਵਿਸ਼ਿਆਂ ਨੂੰ ਛੱਡ ਕੇ ਜਿੱਥੇ ਪਹਿਲਾਂ ਹੀ ਵਿਦਿਆਰਥੀਆਂ ਦੀ ਗਿਣਤੀ ਨਿਸ਼ਚਿਤ ਹੈ, ਉਥੇ ਇੱਕ ਸੈਕਸ਼ਨ ਵਿਚ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਗਿਣਤੀ 80 ਹੋ ਸਕਦੀ ਹੈ। ਫੈਕਲਟੀ ਮੈਂਬਰਾਂ ਦੀ ਹੋਂਦ ਨੂੰ ਧਿਆਨ ਵਿਚ ਰੱਖਦੇ ਹੋਏ ਹਰ ਵਿਸ਼ੇ ਵਿਚ ਗਿਣਤੀ ਨਿਸ਼ਚਿਤ ਕੀਤੀ ਜਾ ਸਕਦੀ ਹੈ। ਇਸ ਲਈ ਇਹ ਜ਼ਰੂਰੀ ਨਹੀਂ ਕਿ ਜਿਹੜਾ ਵਿਸ਼ਾ ਵਿਦਿਆਰਥੀ ਨੇ ਫਾਰਮ ਵਿਚ ਭਰਿਆ ਹੈ, ਉਹ ਉਸਨੂੰ ਦਿੱਤਾ ਜਾਵੇਗਾ। ਵਿਸ਼ੇ ਮੈਰਿਟ ਦੇ ਆਧਾਰ 'ਤੇ ਹੀ ਦਿੱਤੇ ਜਾਣਗੇ।**

# ਵਿਸ਼ਿਆਂ ਦੀ ਚੋਣ

## ਬੀ.ਕਾਮ./ਬੀ.ਕਾਮ. ਆਨਰਜ਼ ਦੇ ਵਿਦਿਆਰਥੀਆਂ ਲਈ:

ਬੀ.ਕਾਮ. ਦੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੇ ਸਿਲੇਬਸ ਮੁਤਾਬਿਕ ਹੀ ਵਿਸ਼ੇ ਪੜ੍ਹਾਏ ਜਾਣਗੇ, ਜੋ ਕਿ ਹੇਠ ਲਿਖੇ ਹਨ:-

### B.Com.-I, Semester-I

| Course Code | Course | Subject Title |
|---|---|---|
| COMB1101T | Major | Financial Accounting -I |
| COMB110 2T | | Business Law -I |
| COMB110 3T | Minor | Micro Economics |
| COMB110 4T | Ability Enhancement | English |
| COMB110 5T to COMB1107T | Skill Enhancement | Computer Application in Business |
| COMB110 8T to COMB1110T | Inter Disciplinary | Business Mathematics |
| ERSB1101 T | Value Added | Environment and Road Safety Awareness |
| COMB1111T | Compulsory | Punjabi (Compulsory) OR |
| COMB1112T | Compulsory | Punjabi Compulsory (Elementary Knowledge) * |

### B.Com.-I, Semester-II

| Course Code | Course | Subject Title |
|---|---|---|
| COMB1201T | Major | Financial AccountingII |
| COMB1202T | | Business Law-II |
| COMB1203T | Minor | Macro Economics |
| COMB1204T | Ability Enhancement | English |
| COMB1205T to COMB1206T | Skill Enhancement | E-Commerce |
| COMB1207T to COMB1210T | Inter Disciplinary | Business Statistics |
| DAPB1201T | Value Added | Drug Abuse: Problem, Management and Prevention |
| COMB1211T | Compulsory | Punjabi (Compulsory) OR |
| COMB1212T | Compulsory | Punjabi Compulsory (Elementary Knowledge)* |

### B.Com.-II, Semester-III

| Course Code | Course | Subject Title |
|---|---|---|
| COMB 2301T | Major | Income Tax -I |
| COMB230 2T | | Corporate Accounting -I |
| COMB230 3T | Minor | Business Environment -I |
| COMB230 4T | Ability Enhancement | English |
| COMB230 5T | Skill Enhancement | Fundamentals of Entrepreneurship |
| COMB230 6T | Inter Disciplinary | Functional Management |
| COMB230 7T | Value Added | Yoga & Meditation |
| COMB230 8T | Compulsory | Punjabi (Compulsory) OR |
| COMB230 9T | Compulsory | Punjabi Compulsory (Elementary Knowledge) * |

### B.Com.-II, Semester-IV

| Course Code | Course | Subject Title |
|---|---|---|
| COMB2 401T | Major | Corporate Accounting -II |
| COMB2 402T | | Income Tax -II |
| COMB2 403T | Minor | Business Environment -II |
| COMB2 404T | Ability Enhancement | English |
| COMB2 405T | Skill Enhancement | Personality Development & Communication Skills |
| COMB2 406T | Inter Disciplinary | Marketing Management |
| COMB2 407T | Value Added | Nutrition & Dietetics |
| COMB2 408T | Compulsory | Punjabi (Compulsory) OR |
| COMB2 409T | Compulsory | Punjabi Compulsory (Elementary Knowledge) * |

| | | |
|---|---|---|
| ਬੀ.ਕਾਮ. ਭਾਗ ਤੀਜਾ ਸਮੈਸਟਰ-V ਦੇ ਵਿਸ਼ੇ | * ਪੰਜਾਬੀ (ਲਾਜ਼ਮੀ)<br>* ਪੰਜਾਬੀ (ਮੁੱਢਲਾ ਗਿਆਨ)<br>(Special Paper in lieu of Punjabi)<br>* Optional Subject (see note below) | * Management Accounting-I<br>* Cost Accounting-I<br>* Goods & Services Tax<br>* Auditing Practices |
| ਬੀ.ਕਾਮ. ਭਾਗ ਤੀਜਾ ਸਮੈਸਟਰ-VI ਦੇ ਵਿਸ਼ੇ | * ਪੰਜਾਬੀ (ਲਾਜ਼ਮੀ)<br>* ਪੰਜਾਬੀ (ਮੁੱਢਲਾ ਗਿਆਨ)<br>(Special Paper in lieu of Punjabi)<br>* Optional Subject (see note below) | * Management Accounting-II<br>* Cost Accounting-II<br>* Business Environment<br>* Entrepreneurship & Governance |

ਨੋਟ:-

1. *ਵਿਦਿਆਰਥੀਆਂ ਨੂੰ ਪੰਜਾਬੀ (ਲਾਜ਼ਮੀ) ਦੀ ਥਾਂ 'ਤੇ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹਨ ਦੇਣ ਦੀ ਪ੍ਰਵਾਨਗੀ ਯੂਨੀਵਰਸਿਟੀ ਵੱਲੋਂ ਜਾਰੀ ਸ਼ਰਤਾਂ ਅਨੁਸਾਰ ਹੀ ਦਿੱਤੀ ਜਾਵੇਗੀ।
2. ਬੀ.ਕਾਮ. ਭਾਗ ਤੀਜਾ ਸਮੈਸਟਰ ਪੰਜਵੇਂ ਵਿੱਚ ਹੇਠ ਲਿਖੇ ਵਿੱਚੋਂ ਕੋਈ ਇੱਕ ਵਿਸ਼ਾ ਚੁਣਨਾ ਪਵੇਗਾ:
   ੳ) ਕਾਰਪੋਰੇਟ ਫਾਇਨਾਂਸ ਅ) ਮਨੀ ਐਂਡ ਬੈਂਕਿੰਗ ੲ) ਪ੍ਰਿੰਸੀਪਲ ਆਫ਼ ਮਾਰਕੀਟਿੰਗ ਸ) ਈ-ਕਾਮਰਸ

# ਵਿਸ਼ਿਆਂ ਦੀ ਚੋਣ

**ਬੀ.ਸੀ.ਏ. ਦੇ ਵਿਦਿਆਰਥੀਆਂ ਲਈ:** ਬੀ.ਸੀ.ਏ. ਦੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੇ ਸਿਲੇਬਸ ਮੁਤਾਬਿਕ ਹੀ ਵਿਸ਼ੇ ਪੜਾਏ ਜਾਣਗੇ। ਜੋ ਕਿ ਹੇਠ ਲਿਖੇ ਹਨ:-

**ਬੀ.ਸੀ.ਏ. ਭਾਗ ਪਹਿਲਾ (ਸਮੈਸਟਰ-I ਦੇ ਵਿਸ਼ੇ)**

| Code | Title of Paper |
|---|---|
| BCAB1101T | General English-I |
| BCAB1102T | Punjabi (Compulsory) or Punjabi Compulsory (Mudla Gyan)** |
| BCAB1103T | Fundamentals of Information Technology |
| BCAB1104T | Programming Fundamentals Using C |
| BCAB1105T | Software Lab-I (Windows and Office Automation) |
| BCAB1106T | Software Lab-II (Based on paper BCAB1104T Programming Fundamentals Using C) |

**ਬੀ.ਸੀ.ਏ. ਭਾਗ ਪਹਿਲਾ (ਸਮੈਸਟਰ-II ਦੇ ਵਿਸ਼ੇ)**

| Code | Title of Paper |
|---|---|
| BCAB1201T | General English-II |
| BCAB1202T | Punjabi (Compulsory) or Punjabi Compulsory (Mudla Gyan)** |
| BCAB1203T | Digital Electronics |
| BCAB1204T | Data Structures |
| BCAB1205T | Basic Mathematics |
| BCAB1206T | Software Lab-III ( based on BCAB1204T Data Structures) |
| BCAB1207T | Drug Abuse : Problem, Management and Prevention*** |

**ਬੀ.ਸੀ.ਏ. ਭਾਗ ਦੂਜਾ (ਸਮੈਸਟਰ-III ਦੇ ਵਿਸ਼ੇ)**

| Code | Title of Paper |
|---|---|
| BCAB2101T | English Communication Skills-I |
| BCAB2102T | Management Information System |
| BCAB2103T | Discrete Mathematics |
| BCAB2104T | Computer Organization and Architecture |
| BCAB2105T | Object Oriented Programming using C++ |
| BCAB2106L | Software Lab-IV (Object Oriented Programming using C++) |
| BCAB2107T | Punjabi (Compulsory)-III or Punjabi (Compulsory)-III (Mudla Gyan) |
| ERSB2101Q | Environment and Road Safety Awareness (Qualifying Exam) |

**ਬੀ.ਸੀ.ਏ. ਭਾਗ ਦੂਜਾ (ਸਮੈਸਟਰ-IV ਦੇ ਵਿਸ਼ੇ)**

| Code | Title of Paper |
|---|---|
| BCAB2201T | English Communication Skills-II |
| BCAB2202T | Computer Networks |
| BCAB2203T | Computer Oriented Numerical and Statistical Methods |
| BCAB2204T | Relational Database Management Systems |
| BCAB2205L | Software Lab-V (Computer Oriented Numerical and Statistical Methods Lab) |
| BCAB2206L | Software Lab-VI (Relational Database Management Systems Lab) |
| BCAB2207T | Punjabi (Compulsory)-IV or Punjabi (Compulsory)-IV (Mudla Gyan) |

**ਬੀ.ਸੀ.ਏ. ਭਾਗ ਤੀਜਾ (ਸਮੈਸਟਰ-V ਦੇ ਵਿਸ਼ੇ)**

| Code | Title of Paper |
|---|---|
| BCAB3101T | English Literary Skills-I |
| BCAB3102T | System Analysis and Design |
| BCAB3103T | Java Programming |
| BCAB3104T | Web Designing using ASP.Net |
| BCAB3105L | Software Lab-IX (based on paper BCAB3103T: Java Programming) |
| BCAB3106L | Software Lab-X (based on paper BCAB3104T: Web Designing using ASP.Net) |

**ਬੀ.ਸੀ.ਏ. ਭਾਗ ਤੀਜਾ (ਸਮੈਸਟਰ-VI ਦੇ ਵਿਸ਼ੇ)**

| Code | Title of Paper |
|---|---|
| BCAB3201T | English Literary Skills-II |
| BCAB3202T | Software Engineering |
| BCAB3203T | Operating System |
| BCAB3204T | Python Programming |
| BCAB3205L | Software Lab-XI (Minor Project) |
| BCAB3206L | Software Lab-XII (based on paper BCAB3204T: Python Programming) |

ਨੋਟ:-1. ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਜਾਰੀ ਹਦਾਇਤਾਂ ਅਨਸੁਾਰ Drug Abuse ਦਾ ਵਿਸ਼ਾ ਬੀ.ਸੀ.ਏ. ਭਾਗ ਪਹਿਲਾ ਸਮੈਸਟਰ ਦੂਜੇ ਵਿੱਚ ਅਤੇ ਵਾਤਾਵਰਣ ਅਤੇ ਸੜ੍ਹਕ ਸੁਰੱਖਿਆ ਜਾਗਰੂਕਤਾ ਦਾ ਵਿਸ਼ਾ ਬੀ.ਸੀ.ਏ. ਭਾਗ ਦੂਜਾ ਸਮੈਸਟਰ ਤੀਜੇ ਵਿਚ ਰੱਖਣਾ ਹੋਵੇਗਾ।

**ਐਮ.ਐਸਸੀ.(ਆਈ.ਟੀ.) ਦੇ ਵਿਦਿਆਰਥੀਆਂ ਲਈ:** ਐਮ.ਐਸਸੀ.(ਆਈ.ਟੀ) ਦੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੇ ਸਿਲੇਬਸ ਮੁਤਾਬਿਕ ਹੀ ਵਿਸ਼ੇ ਪੜਾਏ ਜਾਣਗੇ। ਜੋ ਕਿ ਹੇਠ ਲਿਖੇ ਹਨ:

**ਐਮ.ਐਸਸੀ. (ਆਈ.ਟੀ) ਭਾਗ ਪਹਿਲਾ Semester-I ਦੇ ਵਿਸ਼ੇ**

| Code | Title of Paper |
|---|---|
| MITM1101T | Introduction to Information Technology and E-Commerce |
| MITM1102T | Computer Programming Using C |
| MITM1103T | Web Technology |
| MITM1104T | Mathematical Foundation of Computer Science |
| MITM1105L | Programming Lab-I (Based on MITM1102T) |
| MITM1106L | Programming Lab-II (Based on MITM1103T) |

**ਐਮ.ਐਸਸੀ. (ਆਈ.ਟੀ) ਭਾਗ ਪਹਿਲਾ Semester-II ਦੇ ਵਿਸ਼ੇ**

| Code | Title of Paper |
|---|---|
| MITM1201T | Database Management System |
| MITM1202T | Programming with Python |
| MITM1203T | Operating System |
| MITM1204T | Computer Organization and Architecture |
| MITM1205L | Programming Lab-III (Based on MITM1201T) |
| MITM1206L | Programming Lab-IV (Based on MITM1202T) |

# ਵਿਸ਼ਿਆਂ ਦੀ ਚੋਣ

**ਪੀ.ਜੀ.ਡੀ.ਸੀ.ਏ. ਦੇ ਵਿਦਿਆਰਥੀਆਂ ਲਈ:** ਪੀ.ਜੀ.ਡੀ.ਸੀ.ਏ. ਦੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੇ ਸਿਲੇਬਸ ਮੁਤਾਬਿਕ ਹੀ ਵਿਸ਼ੇ ਪੜਾਏ ਜਾਣਗੇ। ਜੋ ਕਿ ਹੇਠ ਲਿਖੇ ਹਨ:

ਪੀ.ਜੀ.ਡੀ.ਸੀ.ਏ. ਸਮੈਸਟਰ-I ਦੇ ਵਿਸ਼ੇ

| Code | Title of Paper |
|---|---|
| PDCA1101T | Introduction to Information Technology and E-Commerce |
| PDCA1102T | Computer Programming Using C |
| PDCA1103T | Windows Operating System and Office Automation |
| PDCA1104P | Programming Lab-I (Based on paper PGDCA-1104P) |
| PDCA1105P | Programming Lab-II (Based on papeer PGDCA-1105P) |

ਪੀ.ਜੀ.ਡੀ.ਸੀ.ਏ. ਸਮੈਸਟਰ-II ਦੇ ਵਿਸ਼ੇ

| Code | Title of Paper |
|---|---|
| PDCA1201T | Database Management System |
| PDCA1202T | Programming using Python |
| PDCA1203T | Web Technology |
| PDCA1204P | Programming Lab-III (Based on paper PGDCA-1204P) |
| PDCA1205 P | Programming Lab-IV (Based on paper PGDCA-1205) |

## ਰਾਖ਼ਵੇਂਕਰਨ ਦੀ ਨੀਤੀ (Reservation Policy)

ਪੰਜਾਬ ਸਰਕਾਰ ਅਤੇ ਪੰਜਾਬੀ ਯੂਨੀਵਰਸਿਟੀ ਦੇ ਆਦੇਸ਼ਾਂ ਤੇ ਨਿਯਮਾਂ ਅਨੁਸਾਰ ਸੈਸ਼ਨ 2025-26 ਲਈ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਲਈ ਰਾਖਵੀਆਂ ਸੀਟਾਂ ਦਾ ਵੇਰਵਾ ਇਸ ਪ੍ਰਕਾਰ ਹੈ:-

| | | |
|---|---|---|
| 1) | ਅਨੁਸੂਚਿਤ ਜਾਤੀਆਂ/ਅਨੁਸੂਚਿਤ ਕਬੀਲੇ (SC/ST) | 25 ਪ੍ਰਤੀਸ਼ਤ |
| 2) | ਪਛੜੀਆਂ ਸ਼੍ਰੇਣੀਆਂ/ਓ.ਬੀ.ਸੀ. ਲਈ (BC/OBC) | 10 ਪ੍ਰਤੀਸ਼ਤ |
| 3) | ਖਿਡਾਰੀ (Sports Person) | 2 ਪ੍ਰਤੀਸ਼ਤ |
| 4) | ਸੁਤੰਤਰਤਾ ਸੰਗਰਾਮੀਆਂ ਦੇ ਬੱਚਿਆਂ, ਪੋਤੇ-ਪੋਤੀਆਂ ਅਤੇ ਦੋਹਤੇ-ਦੋਹਤੀਆਂ ਲਈ | 2 ਪ੍ਰਤੀਸ਼ਤ |
| 5) | ਦਿਵਿਆਂਗ ਵਿਅਕਤੀ(ਨੇਤਰਹੀਣ/ਗੁੰਗੇ ਅਤੇ ਬੋਲੇ/ਦੂਸਰੇ ਦਿਵਿਆਂਗ) | 3 ਪ੍ਰਤੀਸ਼ਤ |
| 6) | ਆਰਮਡ ਫੋਰਸਜ਼/ਸੀ.ਆਰ.ਪੀ.ਐਫ./ਬੀ.ਐਸ.ਐਫ./ਪੁਲਿਸ ਵਿੱਚ ਕੰਮ ਕਰਦੇ/ ਸੇਵਾਮੁਕਤ ਹੋਏ ਕਰਮਚਾਰੀਆਂ ਦੇ ਬੱਚਿਆਂ ਲਈ | 2 ਪ੍ਰਤੀਸ਼ਤ |

# ਰਾਖਵੀਆਂ ਸੀਟਾਂ ਦਾ ਕਲੇਮ ਲੈਣ ਲਈ ਜ਼ਰੂਰੀ ਨਿਰਦੇਸ਼

1. ਕਿਸੇ ਵੀ ਤਰ੍ਹਾਂ ਦੇ ਰਾਖਵੇਂਕਰਨ ਵਾਲੀ ਸੀਟ ਦਾ ਲਾਭ ਲੈਣ ਲਈ ਸੰਬੰਧਿਤ ਦਸਤਾਵੇਜ਼/ਸਬੂਤ ਦਾਖ਼ਲਾ ਫ਼ਾਰਮ ਨਾਲ ਨੱਥੀ ਕਰਨਾ ਲਾਜ਼ਮੀ ਹੋਵੇਗਾ।
2. ਪਛੜੀਆਂ ਸ਼੍ਰੇਣੀਆਂ ਦੇ ਜਿਨ੍ਹਾਂ ਬੱਚਿਆਂ ਦੇ ਮਾਪਿਆਂ ਦੀ ਸਾਰੇ ਵਸੀਲਿਆਂ ਤੋਂ ਕੁੱਲ ਸਾਲਾਨਾ ਆਮਦਨ 8,00,000 ਰੁਪਏ ਤੋਂ ਘੱਟ ਹੈ, ਕੇਵਲ ਉਨ੍ਹਾਂ ਨੂੰ ਹੀ ਰਾਖਵੀਆਂ ਸੀਟਾਂ ਲਈ ਵਿਚਾਰਿਆ ਜਾਵੇਗਾ। ਇਸ ਲਈ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਦਾਖਲਾ ਫਾਰਮ ਨਾਲ ਜਾਤੀ ਸਰਟੀਫਿਕੇਟ ਤੋਂ ਇਲਾਵਾ ਪਰਿਵਾਰ ਦੀ ਮੌਜੂਦਾ ਕੁੱਲ ਸਾਲਾਨਾ ਆਮਦਨ ਦੇ ਸੰਬੰਧ ਵਿਚ ਪਿਤਾ/ਸਰਪ੍ਰਸਤ ਵਲੋਂ ਤਸਦੀਕ ਕੀਤਾ ਸਵੈ-ਘੋਸ਼ਣਾ ਪੱਤਰ ਲਗਾਉਣਾ ਅਤਿ ਜ਼ਰੂਰੀ ਹੈ।
3. ਡਿਫੈਂਸ ਫੋਰਸਜ਼, ਬੀ.ਐਸ.ਐਫ./ਪੁਲਿਸ ਵਿਚ ਕੰਮ ਕਰ ਰਹੇ ਜਾਂ ਸਾਬਕਾ ਅਧਿਕਾਰੀਆਂ/ਕਰਮਚਾਰੀਆਂ ਦੇ ਬੱਚਿਆਂ ਨੂੰ ਆਪਣੇ ਦਾਖ਼ਲਾ ਫਾਰਮ ਨਾਲ ਸੰਬੰਧਿਤ ਕਮਾਡਿੰਗ ਅਫ਼ਸਰ ਦਾ ਸਰਟੀਫਿਕੇਟ ਜਾਂ ਡਿਸਚਾਰਜ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ, ਜਿਸ ਵਿੱਚ ਪਰਿਵਾਰਿਕ ਮੈਂਬਰ ਹੋਣ ਦਾ ਸਬੂਤ ਦੇਣਾ ਹੋਵੇਗਾ।
4. ਖਿਡਾਰੀਆਂ ਦਾ ਦਾਖ਼ਲਾ ਮੌਕੇ 'ਤੇ ਟ੍ਰਾਇਲ ਤੇ ਉਨ੍ਹਾਂ ਦੀਆਂ ਪਿਛਲੀਆਂ ਖੇਡ ਪ੍ਰਾਪਤੀਆਂ ਦੇ ਆਧਾਰ ਉਪਰ ਕੀਤਾ ਜਾਵੇਗਾ। ਇਸ ਸ਼੍ਰੇਣੀ ਵਿਚ ਉਹ ਖਿਡਾਰੀ ਸ਼ਾਮਿਲ ਕੀਤੇ ਜਾਂਦੇ ਹਨ, ਜਿਹੜੇ ਨਿਯਮਾਂ ਅਨੁਸਾਰ ਕਾਲਜ ਦੀਆਂ ਟੀਮਾਂ ਵਿਚ ਖੇਡ ਦੇ ਯੋਗ ਹੋਣ ਅਤੇ ਯੂਨੀਵਰਸਿਟੀ ਵੱਲੋਂ ਹਿੱਸਾ ਲੈ ਸਕਣ। ਇਨ੍ਹਾਂ ਖਿਡਾਰੀਆਂ ਦਾ ਦਾਖ਼ਲਾ ਕਰਨ ਵੇਲੇ ਕਾਲਜ ਵਿਚ ਬਣ ਸਕਣ ਵਾਲੀਆਂ ਟੀਮਾਂ ਅਤੇ ਯੂਨੀਵਰਸਿਟੀ ਵੱਲੋਂ ਮਾਨਤਾ ਪ੍ਰਾਪਤ ਖੇਡਾਂ ਦਾ ਧਿਆਨ ਰੱਖਿਆ ਜਾਂਦਾ ਹੈ।
5. ਸਰਕਾਰੀ ਜਾਂ ਮਾਨਤਾ ਪ੍ਰਾਪਤ ਵਿੱਦਿਅਕ ਸੰਸਥਾਵਾਂ ਵਿਚ ਕੰਮ ਕਰ ਰਹੇ ਅਧਿਆਪਕਾਂ ਦੇ ਬੱਚਿਆਂ ਲਈ ਆਪਣੇ ਦਾਖਲਾ ਫਾਰਮ ਨਾਲ ਸੰਬੰਧਿਤ ਸੰਸਥਾ ਦੇ ਮੁਖੀ ਵੱਲੋਂ ਜਾਰੀ ਸਰਟੀਫਿਕੇਟ ਲਗਾਉਣਾ ਪਵੇਗਾ। ਸਕੂਲ ਮੁਖੀ ਵੱਲੋਂ ਜਾਰੀ ਸਰਟੀਫਿਕੇਟ ਜ਼ਿਲ੍ਹਾ ਸਿੱਖਿਆ ਅਫਸਰ/ ਪੀ.ਐਸ.ਈ.ਬੀ./ ਸੀ.ਬੀ. ਐਸ.ਈ. ਦੇ ਅਧਿਕਾਰੀਆਂ ਦੁਆਰਾ ਪ੍ਰਤੀ ਹਸਤਾਖਰ ਹੋਣਾ ਜ਼ਰੂਰੀ ਹੈ। ਅਜਿਹੇ ਸਰਟੀਫਿਕੇਟ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀ ਦਾ ਨਾਮ ਵੀ ਲਿਖਿਆ ਹੋਣਾ ਚਾਹੀਦਾ ਹੈ। ਜੇਕਰ ਬੱਚੇ ਦੇ ਮਾਤਾ ਜੀ ਅਧਿਆਪਕ ਹਨ ਤਾਂ ਸਰਟੀਫਿਕੇਟ ਵਿਚ ਬੱਚੇ ਦੇ ਪਿਤਾ ਦਾ ਨਾਮ ਵੀ ਲਿਖਿਆ ਹੋਣਾ ਲਾਜ਼ਮੀ ਹੈ।
6. ਖਾੜਕੂਆਂ ਹੱਥੋਂ/ਸੁਰੱਖਿਆ ਬਲਾਂ ਦੀਆਂ ਕਾਰਵਾਈਆਂ ਦੌਰਾਨ 50% ਨਕਾਰਾ ਹੋਏ ਵਿਅਕਤੀਆਂ/ਸਿੱਖ ਪ੍ਰਵਾਸੀਆਂ/ਅੰਦਰੂਨੀ ਪ੍ਰਵਾਸੀ ਅਤੇ ਬਾਹਰੀ ਪ੍ਰਵਾਸੀ ਅਤੇ ਬਾਹਰੀ ਪ੍ਰਵਾਸੀ ਪਰਿਵਾਰਾਂ ਦੇ ਬੱਚਿਆਂ ਦੇ ਦਾਖਲਾ ਫਾਰਮ ਨਾਲ ਡਿਪਟੀ ਕਮਿਸ਼ਨਰ ਵਲੋਂ ਜਾਰੀ ਸਨਾਖ਼ਤੀ ਕਾਰਡ ਦੀ ਤਸਦੀਕ ਸ਼ੁਦਾ ਫੋਟੋ ਕਾਪੀ ਲਗਾਉਣੀ ਜ਼ਰੂਰੀ ਹੈ।
7. ਸਰੀਰਕ ਤੌਰ ਤੇ ਅੰਗਹੀਣਾਂ ਲਈ ਸਿਵਲ ਸਰਜਨ ਦਾ ਤਸਦੀਕ ਕੀਤਾ ਅੰਗਹੀਣਤਾ ਸਰਟੀਫਿਕੇਟ ਦੀ ਤਸਦੀਕਸ਼ੁਦਾ ਫੋਟੋ ਕਾਪੀ ਲਗਾਉਣਾ ਜ਼ਰੂਰੀ ਹੈ।
8. ਸੁਤੰਤਰਤਾ ਸੰਗਰਾਮੀ ਜੋ ਪੈਨਸ਼ਨ ਜਾਂ ਤਾਮਰ ਪੱਤਰ ਪ੍ਰਾਪਤ ਹੋਣ, ਦੇ ਬੱਚਿਆਂ, ਪੋਤੇ-ਪੋਤਰੀਆਂ ਅਤੇ ਦੋਹਤੇ-ਦੋਹਤੀਆਂ ਨੂੰ ਰਿਜ਼ਰਵ ਸੀਟ ਦਾ ਕਲੇਮ ਕਰਨ ਲਈ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵਲੋਂ ਜਾਰੀ ਸਰਟੀਫਿਕੇਟ ਦੀ ਤਸਦੀਕਸ਼ੁਦਾ ਫੋਟੋਸਟੇਟ ਕਾਪੀ ਦਾਖਲਾ ਫਾਰਮ ਨਾਲ ਲਗਾਉਣੀ ਜ਼ਰੂਰੀ ਹੈ। ਸੰਬੰਧਿਤ ਰਿਸ਼ਤੇ ਦਾ ਸਬੂਤ ਦੇਣਾ ਲਾਜ਼ਮੀ ਹੋਵੇਗਾ।
9. ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਦੇ ਸੰਬੰਧ ਵਿਚ ਪੰਜਾਬ ਸਰਕਾਰ, ਪੰਜਾਬ ਸਕੂਲ ਬੋਰਡ/ਯੂਨੀਵਰਸਿਟੀ ਮੁਕਾਬਲੇ ਵੀ ਵਿਚਾਰੇ ਜਾਣਗੇ। ਖੇਡਾਂ ਦੇ ਖੇਤਰ ਵਿਚ ਪੰਜਾਬ ਸਪੋਰਟਸ ਵਿਭਾਗ ਪਾਸੋਂ ਗਰੇਡੇਸ਼ਨ ਸਰਟੀਫਿਕੇਟ ਪ੍ਰਾਪਤ ਕਰਨਾ ਜ਼ਰੂਰੀ ਹੋਵੇਗਾ। ਬਚਦੀਆਂ ਸੀਟਾਂ ਲਈ ਇਸ ਕੈਟਾਗਰੀ ਵਿਚ ਗਰੇਡੇਸ਼ਨ ਤੋਂ ਬਿਨ੍ਹਾਂ ਵਿਦਿਆਰਥੀਆਂ ਨੂੰ ਦਾਖਲਾ ਦੇਣ ਲਈ ਪ੍ਰਿੰਸੀਪਲ ਸਾਹਿਬ ਦੁਆਰਾ ਗਠਿਤ ਕਮੇਟੀ ਫੈਸਲਾ ਕਰੇਗੀ।
10. ਸੱਭਿਆਚਾਰਕ ਗਤੀਵਿਧੀਆਂ ਦੇ ਆਧਾਰ 'ਤੇ ਰਿਜ਼ਰਵ ਸੀਟਾਂ ਦੇ ਦਾਖ਼ਲੇ ਲਈ ਪ੍ਰਿੰਸੀਪਲ ਸਾਹਿਬ ਵੱਲੋਂ ਗਠਿਤ ਕਮੇਟੀ ਪੰਜਾਬੀ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਸਿਫਾਰਸ਼ ਕਰੇਗੀ।

ਨੋਟ: ਸਿੰਗਲ ਗਰਲ ਚਾਇਲਡ, ਕੈਂਸਰ/ਏਡਜ਼ ਅਤੇ ਥੈਲੇਸੀਮੀਆਂ ਦੀ ਰਿਜ਼ਰਵੇਸ਼ਨ ਸੰਬੰਧੀ ਪੰਜਾਬ ਸਰਕਾਰ ਅਤੇ ਪੰਜਾਬੀ ਯੂਨੀਵਰਸਿਟੀ ਦੀ ਹਦਾਇਤਾਂ ਦੀ ਪਾਲਣਾ ਕੀਤੀ ਜਵੇਗੀ।

# ਵਜੀਫ਼ੇ ਅਤੇ ਵਿੱਤੀ ਸਹਾਇਤਾ

ਪੰਜਾਬ ਸਰਕਾਰ/ਭਾਰਤ ਸਰਕਾਰ ਦੁਆਰਾ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਵਜੀਫ਼ਿਆਂ ਸੰਬੰਧੀ ਜਾਣਕਾਰੀ :-

| ਵਜੀਫ਼ੇ ਦਾ ਨਾਂ | ਵਜੀਫ਼ੇ ਲਈ ਹੱਕਦਾਰ ਵਿਦਿਆਰਥੀ/ ਯੋਗਤਾ ਅਤੇ ਵਿਸਥਾਰ ਪੂਰਵਕ ਜਾਣਕਾਰੀ ਲਈ ਵੈਬ-ਸਾਈਟ | ਆਮਦਨ ਸੀਮਾ | ਵਿਦਿਆਰਥੀ ਵੱਲੋਂ ਫ਼ਾਰਮ ਭਰਣ ਦੀ ਆਖ਼ਰੀ ਮਿਤੀ | ਨੱਥੀ ਕਰਨ ਯੋਗ ਦਸਤਾਵੇਜ਼ |
|---|---|---|---|---|
| ਪੋਸਟ ਮੈਟ੍ਰਿਕ ਸਕਾਲਰਸ਼ਿਪ | ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਦੇ ਵਿਦਿਆਰਥੀ ਜਿਹੜੇ ਹੋਰ ਕੋਈ ਵੀ ਸਕਾਲਰਸ਼ਿਪ ਨਹੀਂ ਲੈ ਰਹੇ ।<br><br>ਵਿਦਿਆਰਥੀ ਕਲਾਸਾਂ ਵਿੱਚ ਲਗਾਤਾਰ ਹਾਜ਼ਰ ਰਹੇ।<br><br>ਅਪਲਾਈ ਕਰਨ ਲਈ ਸਾਇਟ:<br>www.punjabscholarships.gov.in | ਸਾਲਾਨਾ ਆਮਦਨ ਰੁਪਏ 2,50,000 (ਢਾਈ ਲੱਖ) ਤੋਂ ਵੱਧ ਨਾ ਹੋਵੇ | ਵਿਦਿਆਰਥੀ ਸਮੇਂ-ਸਮੇਂ 'ਤੇ ਕਾਲਜ ਨੋਟਿਸ ਬੋਰਡ, ਕਾਲਜ ਵੈਬਸਾਈਟ ਅਤੇ ਸਕਾਲਰਸ਼ਿਪ ਪੋਰਟਲ ਚੈਕ ਕਰਦੇ ਰਹਿਣ | 1. ਸਕਾਲਰਸ਼ਿਪ ਲਈ ਅਪਲਾਈ ਕੀਤੇ ਫਾਰਮ ਦਾ ਪ੍ਰਿੰਟ<br>2.*ਅਨੁਸੂਚਿਤ ਜਾਤੀ/ਕਬੀਲੇ ਦਾ ਸਰਟੀਫਿਕੇਟ<br>3. ਆਮਦਨ ਸੰਬੰਧੀ ਸਬੂਤ ਤਹਿਸੀਲਦਾਰ ਤੋਂ ਤਸਦੀਕਸ਼ੁਦਾ ਹੋਵੇ (ਆਮਦਨ ਸਰਟੀਫਿਕੇਟ)<br>4. ਆਧਾਰ ਕਾਰਡ<br>5. ਪੰਜਾਬ ਰਾਜ ਦਾ ਵਸਨੀਕ ਹੋਣ ਦਾ ਸਰਟੀਫਿਕੇਟ<br>6. ਪਿਛਲੀ ਪਾਸ ਕੀਤੀ ਕਲਾਸ ਦਾ ਸਰਟੀਫਿਕੇਟ<br>7. ਵਿਦਿਆਰਥੀ ਦੇ ਖ਼ੁਦ ਦੀ ਬੈਂਕ ਪਾਸ ਬੁੱਕ ਦੀ ਫੋਟੋ ਕਾਪੀ ਸਮੇਤ IFSC ਕੋਡ |
| ਪੋਸਟ ਮੈਟ੍ਰਿਕ ਸਕਾਲਰਸ਼ਿਪ | ਓ.ਬੀ.ਸੀ.(Other Backward Class) ਦੇ ਵਿਦਿਆਰਥੀ ਜਿਹੜੇ ਕੋਈ ਹੋਰ ਸਕਾਲਰਸ਼ਿਪ ਨਹੀਂ ਲੈ ਰਹੇ ।<br>ਵਿਦਿਆਰਥੀ ਕਲਾਸਾਂ ਵਿੱਚ ਲਗਾਤਾਰ ਹਾਜ਼ਰ ਰਹੇ।<br>ਅਪਲਾਈ ਕਰਨ ਲਈ ਸਾਇਟ:<br>www.punjabscholarships.gov.in<br>ਅਤੇ<br>www.dpipunjab.org | ਸਾਲਾਨਾ ਆਮਦਨ ਰੁਪਏ 1,00,000 (ਇੱਕ ਲੱਖ) ਤੋਂ ਵੱਧ ਨਾ ਹੋਵੇ | ਵਿਦਿਆਰਥੀ ਸਮੇਂ-ਸਮੇਂ 'ਤੇ ਕਾਲਜ ਨੋਟਿਸ ਬੋਰਡ, ਕਾਲਜ ਵੈਬਸਾਈਟ ਅਤੇ ਸਕਾਲਰਸ਼ਿਪ ਪੋਰਟਲ ਚੈਕ ਕਰਦੇ ਰਹਿਣ | -ਉਕਤ- |
| ਪੋਸਟ ਮੈਟ੍ਰਿਕ ਸਕਾਲਰਸ਼ਿਪ | ਘੱਟ ਗਿਣਤੀਆਂ (minority community) ਜਿਵੇਂ ਮੁਸਲਿਮ, ਸਿੱਖ, ਬੁੱਧ, ਪਾਰਸੀ ਧਰਮ ਨਾਲ ਸੰਬੰਧਿਤ ਵਿਦਿਆਰਥੀ ਜਿਹੜੇ ਹੋਰ ਕੋਈ ਵੀ ਸਕਾਲਰਸ਼ਿਪ ਨਹੀਂ ਲੈ ਰਹੇ ।<br>ਵਿਦਿਆਰਥੀ ਦੇ ਪਿਛੱਲੀ ਕਲਾਸ'ਚੋਂ 50% ਨੰਬਰ ਪ੍ਰਾਪਤ ਕੀਤੇ ਹੋਣ ।<br>ਵਿਦਿਆਰਥੀ ਕਲਾਸਾਂ ਵਿੱਚ ਲਗਾਤਾਰ ਹਾਜ਼ਰ ਰਹੇ।<br>ਵਿਦਿਆਰਥੀ ਪੰਜਾਬ ਦਾ ਵਸਨੀਕ ਹੋਵੇ ।<br>ਅਪਲਾਈ ਕਰਨ ਲਈ ਸਾਇਟ:<br>www.scholarships.gov.in | ਸਾਲਾਨਾ ਆਮਦਨ ਰੁਪਏ 2,00,000 (ਦੋ ਲੱਖ) ਤੋਂ ਵੱਧ ਨਾ ਹੋਵੇ | ਵਿਦਿਆਰਥੀ ਸਮੇਂ-ਸਮੇਂ 'ਤੇ ਕਾਲਜ ਨੋਟਿਸ ਬੋਰਡ, ਕਾਲਜ ਵੈਬਸਾਈਟ ਅਤੇ ਸਕਾਲਰਸ਼ਿਪ ਪੋਰਟਲ ਚੈਕ ਕਰਦੇ ਰਹਿਣ | -ਉਕਤ- |

| ਵਜੀਫ਼ੇ ਦਾ ਨਾਂ | ਵਜੀਫ਼ੇ ਲਈ ਹੱਕਦਾਰ ਵਿਦਿਆਰਥੀ/ ਯੋਗਤਾ ਅਤੇ ਵਿਸਥਾਰ ਪੂਰਵਕ ਜਾਣਕਾਰੀ ਲਈ ਸਾਈਟ | ਆਮਦਨ ਸੀਮਾ | ਵਿਦਿਆਰਥੀ ਵੱਲੋਂ ਫ਼ਾਰਮ ਭਰਣ ਦੀ ਆਖਰੀ ਮਿਤੀ | ਨੱਥੀ ਕਰਨ ਯੋਗ ਦਸਤਾਵੇਜ਼ |
|---|---|---|---|---|
| Central Scheme for College and University Students | ਕਾਲਜ ਦੇ Meritorious Students ਵਧੇਰੇ ਜਾਣਕਾਰੀ ਲਈ/ਅਪਲਾਈ ਕਰਨ ਲਈ ਸਾਇਟ:www.scholarships.gov.in | ਸਾਲਾਨਾ ਆਮਦਨ ਰੁਪਏ 2,00,000 (ਦੋ ਲੱਖ) ਤੋਂ ਵੱਧ ਨਾ ਹੋਵੇ | ਵਿਦਿਆਰਥੀ ਸਮੇਂ-ਸਮੇਂ 'ਤੇ ਕਾਲਜ ਨੋਟਿਸ ਬੋਰਡ, ਕਾਲਜ ਵੈਬਸਾਈਟ ਅਤੇ ਸਕਾਲਰਸ਼ਿਪ ਪੋਰਟਲ ਚੈਕ ਕਰਦੇ ਰਹਿਣ | 1. ਸਕਾਲਰਸ਼ਿਪ ਲਈ ਅਪਲਾਈ ਕੀਤੇ ਫਾਰਮ ਦਾ ਪ੍ਰਿੰਟ<br>2. ਆਮਦਨ ਸੰਬੰਧੀ ਸਬੂਤ ਤਹਿਸੀਲਦਾਰ ਤੋਂ ਤਸਦੀਕਸ਼ੁਦਾ (ਆਮਦਨ ਸਰਟੀਫਿਕੇਟ)<br>3. ਆਧਾਰ ਕਾਰਡ<br>4. ਪੰਜਾਬ ਰਾਜ ਦਾ ਵਸਨੀਕ ਹੋਣ ਦਾ ਸਰਟੀਫਿਕੇਟ<br>5. ਪਿਛਲੀ ਪਾਸ ਕੀਤੀ ਕਲਾਸ ਦਾ ਸਰਟੀਫਿਕੇਟ<br>6. ਵਿਦਿਆਰਥੀ ਦੇ ਖੁਦ ਦੀ ਬੈਂਕ ਪਾਸ ਬੁੱਕ ਦੀ ਫੋਟੋ ਕਾਪੀ ਸਮੇਤ IFSC ਕੋਡ<br>7. ਮੈਰਿਟ ਲਿਸਟ |

1. ਜਿਹੜੇ ਵਿਦਿਆਰਥੀ ਨੇ ਪਿਛਲੇ ਵਿੱਤੀ ਸਾਲ ਦੌਰਾਨ ਵਜੀਫ਼ੇ ਲਈ ਅਪਲਾਈ ਕੀਤਾ ਹੈ। ਉਹ ਆਪਣਾ ਪਹਿਲਾਂ ਵਾਲਾ ਯੂਜਰ ਆਈ ਡੀ ਅਤੇ ਪਾਸਵਰਡ ਇਸਤੇਮਾਲ ਕਰਨਗੇ। ਜਿਹਨਾਂ ਵਿਦਿਆਰਥੀਆਂ ਨੇ ਪਹਿਲਾਂ ਵਜੀਫ਼ਾ ਪ੍ਰਾਪਤ ਕੀਤਾ ਹੈ, ਉਨ੍ਹਾਂ ਦਾ ਬੈਂਕ ਦਾ ਖਾਤਾ ਨੰ: IFCS ਕੋਡ ਉਹੀ (ਯੂਨੀਕ) ਹੋਣਾ ਚਾਹੀਦਾ ਹੈ।

2. ਵਿਦਿਆਰਥੀ ਆਪਣੇ ਯੂਜਰ ਆਈ ਡੀ ਅਤੇ ਪਾਸਵਰਡ ਸਮੇਤ ਪ੍ਰਿੰਟਡ ਆਨ-ਲਾਈਨ ਫ਼ਾਰਮ ਦੀ ਇੱਕ ਕਾਪੀ ਆਪਣੇ ਕੋਲ ਸੰਭਾਲ ਕੇ ਰੱਖਣਗੇ। ਵਿਦਿਆਰਥੀ ਆਪਣਾ ਸਕਾਲਰਸ਼ਿਪ ਸਟੇਟਸ ਆਨ-ਲਾਈਨ ਵੀ ਦੇਖ ਸਕਦੇ ਹਨ।

3.ਵਿਦਿਆਰਥੀ ਦੁਆਰਾ ਸ਼ਕਾਲਰਸ਼ਿਪ ਫ਼ਾਰਮ ਵਿੱਚ ਭਰਿਆ ਗਿਆ ਮੋਬਾਇਲ ਨੰਬਰ ਅਤ ਈਮੇਲ ਅਡਰੈਸ ਸਹੀ ਹੋਣਾ ਚਾਹੀਦਾ ਹੈ। ਵਿਦਿਆਰਥੀ ਦਾ ਆਧਾਰ ਕਾਰਡ ਬੈਂਕ ਖ਼ਾਤੇ ਨਾਲ ਲਿੰਕ ਹੋਣਾ ਲਾਜ਼ਮੀ ਹੈ।

4. ਵਜੀਫ਼ਾ ਕਲੇਮ ਨਿਰਧਾਰਿਤ ਮਿਤੀ ਤੋਂ ਬਾਅਦ ਸਵੀਕਾਰ ਨਹੀਂ ਕੀਤਾ ਜਾਵੇਗਾ। ਇਹ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ।

5. ਜੇਕਰ ਵਿਦਿਆਰਥੀ ਦਾਖ਼ਲਾ ਲੈਣ ਉਪਰੰਤ ਵਜੀਫ਼ਾ ਫ਼ਾਰਮ ਨਹੀਂ ਭਰਦਾ ਜਾਂ ਸਰਕਾਰ ਉਸਦਾ ਵਜੀਫ਼ੇ ਸੰਬੰਧੀ ਕਲੇਮ ਪਾਸ ਨਹੀਂ ਕਰਦੀ ਤਾਂ ਉਸ ਵਿਦਿਆਰਥੀ ਨੂੰ ਪੂਰੀ ਫੀਸ ਜ਼ਮ੍ਹਾਂ ਕਰਵਾਉਣੀ ਪਵੇਗੀ।

6. ਜੇਕਰ ਦਾਖ਼ਲੇ ਉਪਰੰਤ ਸਰਕਾਰ ਵੱਲੋਂ ਕਲੇਮ ਕੀਤੇ ਵਜੀਫ਼ੇ ਦੀ ਪੂਰੀ ਰਕਮ ਪਾਸ ਨਹੀਂ ਹੁੰਦੀ, ਤਾਂ ਰਹਿੰਦੀ ਰਕਮ ਵਿਦਿਆਰਥੀ ਵੱਲੋਂ ਜ਼ਮ੍ਹਾਂ ਕਰਵਾਈ ਜਾਵੇਗੀ।

*ਨੋਟ:-ਵਿਦਿਆਰਥੀ ਵੱਲੋਂ ਦਾਖ਼ਲਾ ਲੈਣ ਉਪਰੰਤ ਤੁਰੰਤ ਫਰੀ-ਸ਼ਿਪ ਕਾਰਡ ਅਪਲਾਈ ਕਰਨਾ ਲਾਜ਼ਮੀ ਹੋਵੇਗਾ। ਵਿਦਿਆਰਥੀ ਦੀ ਆਪਣੀ ਜ਼ਿੰਮੇਵਰੀ ਹੋਵੇਗੀ ਕਿ ਉਹ ਵਜੀਫ਼ੇ ਸੰਬੰਧੀ ਲੋੜੀਂਦੇ ਦਸਤਾਵੇਜ਼ ਪੂਰੇ ਕਰਕੇ ਦਿੱਤੇ ਗਏ ਸਮੇਂ ਦੇ ਅੰਦਰ-ਅੰਦਰ ਕਾਲਜ ਵਿੱਚ ਸਕਾਲਰਸ਼ਿਪ ਇੰਚਾਰਜ ਨਾਲ ਸੰਪਰਕ ਕਰੇ।

# ਵਿੱਦਿਅਕ ਸੈਸ਼ਨ, ਟਾਈਮ-ਟੇਬਲ ਅਤੇ ਫੀਸਾਂ ਤੇ ਫੰਡਾਂ ਦਾ ਵੇਰਵਾ

1. ਵਿੱਦਿਅਕ ਸੈਸ਼ਨ 2025-26 ਦਾ ਟਾਈਮ-ਟੇਬਲ ਕਾਲਜ ਨੋਟਿਸ ਬੋਰਡ ਅਤੇ ਕਾਲਜ ਵੈਬ-ਸਾਈਟ 'ਤੇ ਉਪਲੱਬਧ ਹੋਵੇਗਾ।
2. ਵਿਦਿਆਰਥੀ ਨੋਟਿਸ ਬੋਰਡ 'ਤੇ ਆਪਣੇ ਵਿਸ਼ੇ ਦੇ ਪੀਰੀਅਡਾਂ ਦਾ ਸਮਾਂ, ਕਮਰਾ ਨੰਬਰ ਅਤੇ ਕਲਾਸ ਇੰਚਾਰਜ ਦਾ ਨਾਮ ਨੋਟ ਕਰ ਲੈਣ।
3. ਵਿਦਿਆਰਥੀ ਕਾਲਜ ਦਫ਼ਤਰ ਵਲੋਂ ਲਗਾਏ ਗਏ ਟਾਈਮ-ਟੇਬਲ ਅਨੁਸਾਰ ਹੀ ਨਿਸ਼ਚਿਤ ਕਮਰਿਆਂ ਅਤੇ ਸੈਕਸ਼ਨਾਂ ਅਨੁਸਾਰ ਕਲਾਸਾਂ ਲਗਾਉਣਗੇ। ਵਿਦਿਆਰਥੀ ਦੀ ਇਹ ਆਪਣੀ ਜ਼ਿੰਮੇਵਾਰੀ ਹੈ ਕਿ ਆਪਣੇ ਰੱਖੇ ਗਏ ਵਿਸ਼ੇ ਦੇ ਮੁਖੀ ਪ੍ਰੋਫੈਸਰ ਸਾਹਿਬਾਨ ਤੋਂ ਆਪਣੇ ਸੈਕਸ਼ਨ ਸੰਬੰਧੀ ਪਤਾ ਕਰੇ। ਆਪਣੀ ਮਰਜ਼ੀ ਨਾਲ ਲਗਾਈਆਂ ਗਈਆਂ ਕਲਾਸਾਂ ਦੇ ਲੈਕਚਰ ਨਹੀਂ ਗਿਣੇ ਜਾਣਗੇ।

## ਰੈਗੂਲਰ ਕੋਰਸ : ਸ਼ੈਸ਼ਨ (2025-26) ਦੀ ਕਲਾਸਾਂ ਵਾਈਜ਼ ਫ਼ੀਸਾਂ ਦਾ ਵੇਰਵਾ:-

| Class Name | Punjab Board/ Punjabi Univ. Student | | Other Boards/ University/ College Student | |
|---|---|---|---|---|
| | Total Boys | Total Girls | Total Boys | Total Girls |
| ਬੀ.ਏ. ਭਾਗ-I | 12305 | 12161 | 12475 | 12331 |
| ਬੀ.ਏ. ਭਾਗ-II | 10705 | 10561 | 10705 | 10561 |
| ਬੀ.ਏ. ਭਾਗ-III | 10705 | 10561 | 10705 | 10561 |
| ਬੀ.ਕਾਮ. ਭਾਗ-I | 12305 | 12161 | 12475 | 12331 |
| ਬੀ.ਕਾਮ. ਭਾਗ-II | 10705 | 10561 | 10705 | 10561 |
| ਬੀ.ਕਾਮ. ਭਾਗ-III | 10705 | 10561 | 10705 | 10561 |
| ਐਸ.ਸੀ. ਵਿਦਿਆਰਥੀਆਂ ਦੀ ਫ਼ੀਸ (ਭਾਗ ਪਹਿਲਾਂ ਦੀਆਂ ਸਾਰੀਆਂ ਕਲਾਸਾਂ) | 5150 | 5150 | 5150 | 5150 |
| ਐਸ.ਸੀ. ਵਿਦਿਆਰਥੀਆਂ ਦੀ ਫ਼ੀਸ (ਭਾਗ ਦੂਜਾ ਅਤੇ ਤੀਜਾ ਦੀਆਂ ਸਾਰੀਆਂ ਕਲਾਸਾਂ) | 4890 | 4890 | 4890 | 4890 |

ਨੋਟ: ਹੋਰ ਫੰਡ, ਜੋ ਜਿਸ ਵਿਦਿਆਰਥੀ 'ਤੇ ਲਾਗੂ ਹੋਣਗੇ, ਲਏ ਜਾਣਗੇ।

| | |
|---|---|
| ਪ੍ਰੈਕਟੀਕਲ ਫੰਡ (ਪ੍ਰਤੀ ਵਿਸ਼ਾ) | 120/- ਰੁ: |
| ਪਾਰਕਿੰਗ ਫੰਡ/ਸਾਈਕਲ/ਸਕੂਟਰ ਫੰਡ | 60/- ਰੁ: |
| ਲਾਇਬ੍ਰੇਰੀ ਸਕਿਉਰਟੀ (ਕੇਵਲ ਨਵੇਂ ਵਿਦਿਆਰਥੀਆਂ ਲਈ) | 150/- ਰੁ: |
| ਯੂਨੀਵਰਸਿਟੀ ਪ੍ਰੈਕਟੀਕਲ ਪ੍ਰੀਖਿਆ ਫੀਸ ਪ੍ਰਤੀ ਸਮੈਸਟਰ | 610/- ਰੁ: |

**ਫੀਸ ਅਤੇ ਫੰਡਾਂ ਸੰਬੰਧੀ ਜ਼ਰੂਰੀ ਹਦਾਇਤਾਂ:**

1. ਉਪਰੋਕਤ ਫੀਸਾਂ ਦਾ ਵੇਰਵਾ ਕੇਵਲ ਬੀ.ਏ./ਬੀ.ਕਾਮ. ਭਾਗ-ਪਹਿਲਾ ਦੇ ਵਿਦਿਆਰਥੀਆਂ ਲਈ ਹੈ। ਬੀ.ਏ./ਬੀ.ਕਾਮ. ਭਾਗ-ਦੂਜਾ ਅਤੇ ਤੀਜਾ ਦੇ ਵਿਦਿਆਰਥੀ ਫੀਸਾਂ ਸੰਬੰਧੀ ਜਾਣਕਾਰੀ ਲਈ ਕਾਲਜ ਦੀ ਵੈਬਸਾਈਟ ਚੈਕ ਕਰ ਸਕਦੇ ਹਨ ਜਾਂ ਕਾਲਜ ਦਫ਼ਤਰ ਨਾਲ ਵੀ ਸੰਪਰਕ ਕਰ ਸਕਦੇ ਹਨ।
2. ਵਿਦਿਆਰਥੀ ਤੋਂ ਸਾਰੀ ਫੀਸ ਦਾਖਲੇ ਵੇਲੇ ਹੀ ਪ੍ਰਾਪਤ ਯੋਗ ਹੈ। ਉਪਰੋਕਤ ਫੀਸ ਵਿੱਚ ਦੋਵੇਂ ਸਮੈਸਟਰਾਂ ਦੀ ਪ੍ਰੀਖਿਆ ਫੀਸ ਵੀ ਸ਼ਾਮਿਲ ਹੈ।
3. ਪੰਜਾਬੀ ਯੂਨੀਵਰਸਿਟੀ/ ਉਚੇਰੀ ਸਿੱਖਿਆ ਵਿਭਾਗ ਪੰਜਾਬ ਸਰਕਾਰ ਵੱਲੋਂ ਫੀਸਾਂ ਅਤੇ ਫੰਡਾਂ ਵਿਚ ਕੀਤੀ ਗਈ ਕੋਈ ਵੀ ਤਬਦੀਲੀ ਚਾਲੂ ਸੈਸ਼ਨ ਦੌਰਾਨ ਵਿਦਿਆਰਥੀਆਂ 'ਤੇ ਤੁਰੰਤ ਲਾਗੂ ਹੋਵੇਗੀ।
4. ਐਸ.ਸੀ. ਵਿਦਿਆਰਥੀ ਲਈ ਸਕਾਲਰਸ਼ਿਪ ਅਪਲਾਈ ਕਰਨਾ ਲਾਜ਼ਮੀ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਬਣਦੀ ਫੀਸ ਕਾਲਜ ਵਿੱਚ ਜਮ੍ਹਾਂ ਕਰਵਾਉਣੀ ਪਵੇਗੀ।

## ਐਚ.ਈ.ਆਈ.ਐਸ. ਅਧੀਨ ਕੋਰਸਾਂ ਦੀਆਂ ਫੀਸਾਂ ਦਾ ਵੇਰਵਾ

| Class Name | Punjab Board/ Punjabi Univ. Student | | Other Boards/ University/ College Student | |
|---|---|---|---|---|
| | Total Boys | Total Girls | Total Boys | Total Girls |
| ਬੀ.ਸੀ.ਏ. ਭਾਗ-I | 31630 | 31130 | 31800 | 31300 |
| ਬੀ.ਸੀ.ਏ. ਭਾਗ-II | 30030 | 29530 | 30030 | 29530 |
| ਬੀ.ਸੀ.ਏ. ਭਾਗ-III | 30030 | 29530 | 30030 | 29530 |
| ਪੀ.ਜੀ.ਡੀ.ਸੀ.ਏ. | 24210 | 23710 | 25980 | 25480 |
| ਐਮ.ਐਸਸੀ. (ਆਈ.ਟੀ.) ਭਾਗ-I | 26610 | 26110 | 28380 | 27880 |
| ਐਮ.ਐਸਸੀ. (ਆਈ.ਟੀ.) ਭਾਗ-II | 26610 | 26110 | 28380 | 27880 |
| ਐਸ.ਸੀ. ਵਿਦਿਆਰਥੀਆਂ ਦੀ ਫ਼ੀਸ (ਭਾਗ ਪਹਿਲਾਂ ਦੀਆਂ ਸਾਰੀਆਂ ਕਲਾਸਾਂ) | 4510 | 4510 | 4510 | 4510 |
| ਐਸ.ਸੀ. ਵਿਦਿਆਰਥੀਆਂ ਦੀ ਫ਼ੀਸ (ਭਾਗ ਦੂਜਾ ਅਤੇ ਤੀਜਾ ਦੀਆਂ ਸਾਰੀਆਂ ਕਲਾਸਾਂ) | 4250 | 4250 | 4250 | 4250 |

ਨੋਟ: 1. ਲਾਇਬ੍ਰੇਰੀ ਸਕਿਉਰਟੀ (ਕੇਵਲ ਨਵੇਂ ਵਿਦਿਆਰਥੀਆਂ ਲਈ) 150/- ਰ: ਲਏ ਜਾਣਗੇ।

2. ਹੋਰ ਫੰਡ, ਜੋ ਜਿਸ ਵਿਦਿਆਰਥੀ 'ਤੇ ਲਾਗੂ ਹੋਣਗੇ, ਲਏ ਜਾਣਗੇ।

## ਵਿਦਿਆਰਥੀਆਂ ਲਈ ਉਪਲੱਬਧ ਸਹੂਲਤਾਂ

1. ਲਾਇਬ੍ਰੇਰੀ:-

ਇਸ ਕਾਲਜ ਦੀ ਲਾਇਬ੍ਰੇਰੀ ਵਿਚ ਲਗਭਗ 814 ਪੁਸਤਕਾਂ ਹਨ। ਦੈਨਿਕ ਅਖ਼ਬਾਰ ਅਤੇ ਰਸਾਲੇ ਆਉਂਦੇ ਹਨ। ਲਾਇਬ੍ਰੇਰੀ ਸੰਬੰਧੀ ਵਿਸ਼ੇਸ਼ ਹਦਾਇਤਾਂ/ਨਿਯਮ ਹੇਠ ਲਿਖੇ ਅਨਸੁਾਰ ਹਨ:-

ੳ) ਹਰ ਵਿਦਿਆਰਥੀ 14 ਦਿਨਾਂ ਲਈ ਕਿਤਾਬਾਂ ਰੱਖ ਸਕਦਾ ਹੈ। ਵਾਪਸੀ ਵਿਚ ਦੇਰੀ ਜਰਮਾਨਾ 1 ਰੁਪਿਆ ਪ੍ਰਤੀ ਦਿਨ ਪੁਸਤਕ ਦੇ ਹਿਸਾਬ ਨਾਲ ਲਿਆ ਜਾਵੇਗਾ। ਇਸ ਵਿਚ ਲੰਮੀਆਂ ਛੁੱਟੀਆਂ ਨੂੰ ਛੱਡਕੇ ਜੁਰਮਾਨਾ ਲਿਆ ਜਾਵੇਗਾ।

ਅ) ਜੇਕਰ ਕੋਈ ਵਿਦਿਆਰਥੀ ਕਿਤਾਬ ਉਪੱਰ ਕੁਝ ਲਿਖਦਾ ਹੈ ਜਾਂ ਕਿਸੇ ਤਰ੍ਹਾਂ ਖਰਾਬ ਕਰਦਾ ਹੈ ਤਾਂ ਉਸਨੂੰ ਕਿਤਾਬ ਦੀ ਦੁੱਗਣੀ ਕੀਮਤ ਦੇਣੀ ਪਵੇਗੀ ਜਾਂ ਉਸ ਨੂੰ ਕਿਤਾਬ ਨਵੀਂ ਖਰੀਦ ਕੇ ਦੇਣੀ ਹੋਵੇਗੀ।

ੲ) ਵਿਸ਼ੇਸ਼ ਰੂਪ ਵਿਚ ਰਾਖਵੀਆਂ ਪੁਸਤਕਾਂ ਲਾਇਬ੍ਰੇਰੀ ਤੋਂ ਬਾਹਰ ਨਹੀਂ ਜਾਣਗੀਆਂ।

ਸ) ਲਾਇਬ੍ਰੇਰੀਅਨ ਸਾਹਿਬ ਵੱਲੋਂ ਸੂਚਨਾ ਮਿਲਣ ਤੇ ਪੁਸਤਕਾਂ ਤੁਰੰਤ ਵਾਪਸ ਕਰਨੀਆਂ ਹੋਣਗੀਆਂ।

ਹ) ਕਿਤਾਬ ਗੁਆਚਣ ਦੀ ਸੂਰਤ ਵਿਚ ਜੇਕਰ ਮਾਰਕਿਟ ਵਿਚੋਂ ਕਿਤਾਬ ਨਹੀਂ ਮਿਲਦੀ ਤਾਂ ਪ੍ਰਿੰਸੀਪਲ ਸਾਹਿਬ ਜੁਰਮਾਨਾ ਵੀ ਲਾ ਸਕਦੇ ਹਨ।

ਕ) ਲਾਇਬ੍ਰੇਰੀ ਸਕਿਉਰਟੀ ਕਾਲਜ ਦੇ ਛੱਡਣ ਤੋਂ ਇੱਕ ਸਾਲ ਦੇ ਅੰਦਰ-ਅੰਦਰ ਕਢਵਾਈ ਜਾ ਸਕਦੀ ਹੈ।

2. ਕੈਰੀਅਰ ਗਾਇਡੈਂਸ ਅਤੇ ਪਲੇਸਮੈਂਟ ਸੈੱਲ

ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿਚ ਰੁਜ਼ਗਾਰ ਦੇ ਵਸੀਲਿਆਂ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਉਹਨਾਂ ਨੂੰ ਆਪਣੇ ਕੈਰੀਅਰ ਦੀ ਵਿਉਂਤਬੰਦੀ ਪ੍ਰਕਿਰਿਆ ਵਿਚ ਸਹਾਇਤਾ ਕਰਨਾ ਹੈ, ਇਸ ਸੈਲ ਰਾਹੀਂ ਵਿਭਿੰਨ ਪ੍ਰਕਾਰ ਦੇ ਰੁਜ਼ਗਾਰ-ਕਿੱਤਿਆਂ ਦੀਆਂ ਵਿੱਦਿਅਕ ਸਿਖਲਾਈ ਦੀਆਂ ਸਹੂਲਤਾਂ, ਮੁਕਾਬਲੇ ਦੀਆਂ ਪ੍ਰੀਖਿਆਵਾਂ ਅਤੇ ਸਵੈ-ਰੁਜ਼ਗਾਰ ਦੇ ਵਸੀਲਿਆਂ ਨਾਲ ਸੰਬੰਧਿਤ ਜਾਣਕਾਰੀ ਸਮੇਂ-ਸਮੇਂ ਉਤੇ ਵਿਦਿਆਰਥੀਆਂ ਨੂੰ ਮੁਹੱਈਆ ਕਰਵਾਈ ਜਾਂਦੀ ਹੈ।

3. ਵਿਦਿਆਰਥੀ ਸ਼ਿਕਾਇਤ ਨਿਵਾਰਣ ਸੈੱਲ

ਵਿਦਿਆਰਥੀਆਂ ਦੇ ਅਕਾਦਮਿਕ ਮਾਹੌਲ ਨੂੰ ਹੋਰ ਸੁਝ ਪ੍ਰਦਾਨ ਕਰਨ ਲਈ ਕਾਲਜ ਦੇ ਸੀਨੀਅਰ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਦਿੱਤੇ ਸੁਝਾਅ ਸ਼ਿਕਾਇਤਾਂ ਦੇ ਆਧਾਰ 'ਤੇ ਬਣਦੀ ਕਾਰਵਾਈ ਕੀਤੀ ਜਾਂਦੀ ਹੈ। ਇਸ ਸੰਬੰਧੀ ਪ੍ਰੋਫੈਸਰ ਇੰਚਾਰਜ (ਅਨੁਸ਼ਾਸਨ) ਨਾਲ ਸੰਪਰਕ ਕੀਤਾ ਜਾਵੇ।

4. ਕੰਪਿਊਟਰ ਲੈਬ, ਸਮਾਰਟ ਅਤੇ ਕਲਾਸ ਰੂਮ

ਕਾਲਜ ਵਿਚ ਆਧੁਨਿਕ ਸਹੂਲਤਾਂ ਲਈ ਕੰਪਿਊਟਰ ਲੈਬ, ਸਮਾਰਟ ਅਤੇ ਵਰਚੂਅਲ ਕਲਾਸ ਰੂਮ ਉਪਲੱਬਧ ਹਨ, ਜਿਸਦੀ ਉਚਿਤ ਵਰਤੋਂ ਅਕਾਦਮਿਕ ਗਤੀਵਿਧੀਆਂ ਨਾਲ ਕੀਤੀ ਜਾਂਦੀ ਹੈ, ਇਸ ਵਿਚ ਇੰਟਰਨੈਟ ਸੁਵਿਧਾ ਵੀ ਉਪਲੱਬਧ ਹੈ।

5. ਕਾਲਜ ਕੰਟੀਨ

ਵਿਦਿਆਰਥੀਆਂ ਦੀ ਸਹੂਲਤ ਲਈ ਕਾਲਜ ਵਿਚ ਅਤਿ-ਆਧੁਨਿਕ ਕੰਟੀਨ ਉਪਲੱਬਧ ਹੈ, ਜਿਸ ਵਿਚ ਉਚਿਤ ਰੇਟਾਂ 'ਤੇ ਖਾਣ-ਪੀਣ ਦੀਆਂ ਵਸਤਾਂ ਉਪਲੱਬਧ ਹਨ । ਕੰਟੀਨ ਨੂੰ ਸਾਫ-ਸੁਥਰਾ ਰੱਖਣਾ, ਸ਼ੋਰ ਨਾ ਕਰਨਾ, ਉਚਿਤ ਢੰਗ ਨਾਲ ਬੈਠਣਾ, ਲੜਾਈ ਨਾ ਕਰਨਾ ਵਿਦਿਆਰਥੀਆਂ ਦੇ ਆਪਣੇ ਹਿੱਤ ਵਿੱਚ ਹੈ । ਅਨੁਸ਼ਾਸਨ ਭੰਗ ਕਰਨ ਵਾਲਿਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ । ਵਿਦਿਆਰਥੀ ਕਿਸੇ ਵੀ ਸ਼ਿਕਾਇਤ ਦੇ ਸੰਬੰਧ ਵਿਚ ਕੰਟੀਨ ਦੇ ਪ੍ਰੋਫੈਸਰ ਇੰਚਾਰਜ ਨੂੰ ਮਿਲ ਸਕਦੇ ਹਨ ।

6. ਬੱਸ-ਪਾਸ ਦੀ ਸਹੂਲਤ

ਪੰਜਾਬ ਸਰਕਾਰ ਵੱਲੋਂ ਦੂਰ-ਦੁਰਾਡੇ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਬੱਸ ਪਾਸ ਦੀ ਸਹੂਲਤ ਦਿੱਤੀ ਗਈ ਹੈ। ਵਿਦਿਆਰਥੀ ਕਾਲਜ ਵਿੱਚੋਂ ਨਿਸ਼ਚਿਤ ਪ੍ਰੋਫਾਰਮਾ ਸੰਬੰਧਿਤ ਅਧਿਕਾਰੀ ਤੋਂ ਹਸਤਾਖ਼ਰ ਕਰਵਾਉਣ ਉਪਰੰਤ ਮੈਨੇਜਰ/ਇੰਸਪੈਕਟਰ ਪੀ.ਆਰ.ਟੀ.ਸੀ. ਤੋਂ ਕਾਲਜ ਦੇ ਨਿਸ਼ਚਿਤ ਕਾਊਂਟਰ 'ਤੇ ਨਿਸ਼ਚਿਤ ਕੀਤੀ ਮਿਤੀ ਨੂੰ ਆਪਣਾ ਬੱਸ ਪਾਸ ਬਣਵਾ ਸਕਦੇ ਹਨ।

7. ਡਾਕਟਰੀ ਸਹੂਲਤ

ਕਾਲਜ ਡਿਸਪੈਂਸਰੀ ਵਿੱਚ ਰੈਡ ਕਰਾਸ (Red Cross) ਦੇ ਅਧੀਨ ਵਿਦਿਆਰਥੀਆਂ ਨੂੰ ਤੁਰੰਤ ਡਾਕਟਰੀ ਸਹੂਲਤ ਦੇਣ ਦਾ ਪ੍ਰਬੰਧ ਮੌਜੂਦ ਹੈ।

8. ਬਿਜਲੀ ਜਨਰੇਟਰ ਦੀ ਸਹੂਲਤ

ਕਾਲਜ ਦੇ ਵਿਦਿਆਰਥੀਆਂ ਦੀ ਸੁਵਿਧਾ ਲਈ ਕਾਲਜ ਕੈਂਪਸ ਵਿਖੇ ਬਿਜਲੀ ਜਨਰੇਟਰ ਦਾ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਆਮ ਦਿਨਾਂ ਅਤੇ ਪ੍ਰੀਖਿਆਵਾਂ ਦੌਰਾਨ ਬਿਜਲੀ ਨਾ ਹੋਣ ਦੀ ਸੂਰਤ ਵਿਚ ਹੋਣ ਵਾਲੀ ਪ੍ਰੇਸ਼ਾਨੀ ਤੋਂ ਬਚਿਆ ਜਾ ਸਕੇ। ਦਫਤਰੀ ਕੰਮ ਕਾਜ ਵੀ ਲਗਾਤਾਰ ਜਾਰੀ ਰਹਿੰਦਾ ਹੈ।

9. ਪਾਰਕਿੰਗ ਸਹੂਲਤ

ਵਿਦਿਆਰਥੀਆਂ ਦੇ ਸਾਇਕਲ, ਸਕੂਟਰ, ਮੋਪਡ, ਕਾਰ ਆਦਿ ਦੀ ਪਾਰਕਿੰਗ ਲਈ ਸਟੈਂਡ ਦਾ ਖਾਸ ਪ੍ਰਬੰਧ ਹੈ। ਪ੍ਰਿੰਸੀਪਲ ਸਾਹਿਬ ਜਾਂ ਸਾਈਕਲ ਸਟੈਂਡ ਦੇ ਇੰਚਾਰਜ ਪ੍ਰੋਫੈਸਰ ਵੱਲੋਂ ਕਦੇ ਵੀ ਅਚਨਚੇਤ ਚੈਕਿੰਗ ਕੀਤੀ ਜਾ ਸਕਦੀ ਹੈ। ਜੇਕਰ ਉਹਨਾਂ ਦੇ ਵਾਹਨ ਸਾਈਕਲ ਸਟੈਂਡ ਤੋਂ ਬਾਹਰ ਖੜ੍ਹੇ ਮਿਲੇ ਤਾਂ ਵਿਸ਼ੇਸ਼ ਜੁਰਮਾਨਾ ਕੀਤਾ ਜਾ ਸਕਦਾ ਹੈ।

# ਵਿਦਿਆਰਥੀਆਂ ਲਈ ਜ਼ਰੂਰੀ ਨਿਯਮ/ਦਿਸ਼ਾ ਨਿਰਦੇਸ਼

1. ਵਿਸ਼ੇ/ ਫੈਕਲਟੀ ਬਦਲਣਾ

   ਵਿਸ਼ਿਆਂ ਦੀ ਤਬਦੀਲੀ ਦਾਖਲੇ ਉਪਰੰਤ 28 ਦਿਨਾਂ ਦੇ ਅੰਦਰ-ਅੰਦਰ ਹੀ ਕੀਤੀ ਜਾਵੇਗੀ। ਇਸ ਮੰਤਵ ਲਈ ਅਰਜ਼ੀ ਨਿਸ਼ਚਿਤ ਫਾਰਮ ਅਤੇ ਸੰਬੰਧਿਤ ਵਿਭਾਗ ਦੇ ਮੁਖੀ ਤੋਂ ਹਸਤਾਖਰ ਕਰਵਾਉਣ ਉਪਰੰਤ ਰਜਿਸਟਰਾਰ (ਘਰੇਲੂ ਪ੍ਰੀਖਿਆਵਾਂ) ਦੇ ਦਫਤਰ ਵਿਚ ਦੇਣੀ ਹੋਵੇਗੀ ਅਤੇ ਇਹ ਤਬਦੀਲੀ ਰਜਿਸਟਰਾਰ ਦੀ ਸਿਫਾਰਸ਼ ਅਤੇ ਪ੍ਰਿੰਸੀਪਲ ਸਾਹਿਬ ਵੱਲੋਂ ਪ੍ਰਵਾਨਗੀ ਤੋਂ ਬਾਅਦ ਹੀ ਮਿਲੇਗੀ। ਨਵੇਂ/ਦੂਸਰੇ ਵਿਸ਼ਿਆਂ ਦੀਆਂ ਕਲਾਸਾਂ ਆਪਣੇ ਆਪ ਲਾਉਣ ਨਾਲ ਵਿਦਿਆਰਥੀ ਦੀਆਂ ਹਾਜ਼ਰੀਆਂ ਘੱਟ ਸਕਦੀਆਂ ਹਨ ਅਤੇ ਇਸ ਤਰ੍ਹਾਂ ਪੈਦਾ ਹੋਣ ਵਾਲੀ ਸਥਿਤੀ ਲਈ ਉਹ ਆਪ ਖੁਦ ਜ਼ਿੰਮੇਵਾਰ ਹੋਣਗੇ।

2. ਕਾਲਜ ਛੱਡਣਾ ਜਾਂ ਨਾਮ ਕਟਵਾਉਣਾ

   ਜੇ ਵਿਦਿਆਰਥੀ ਕਾਲਜ ਛੱਡਣਾ ਚਾਹੁੰਦਾ ਹੈ ਤਾਂ ਉਸਨੂੰ ਆਪਣੀ ਹੱਥ ਲਿਖਤ ਬਿਨੈ-ਪੱਤਰ ਦੇਣੀ ਹੋਵੇਗੀ। ਅਜਿਹੇ ਬਿਨੈ-ਪੱਤਰ ਉੱਤੇ ਮਾਪਿਆਂ/ ਸਰਪ੍ਰਸਤਾਂ ਦੀ ਆਗਿਆ ਜ਼ਰੂਰੀ ਹੋਵੇਗੀ, ਜਦੋਂ ਤੱਕ ਬਿਨੈ-ਪੱਤਰ ਦੇ ਕੇ ਨਾਮ ਨਹੀਂ ਕਟਵਾਇਆ ਜਾਂਦਾ, ਉਦੋਂ ਤੱਕ ਬਣਦੀਆਂ ਸਾਰੀਆਂ ਫੀਸਾਂ, ਫੰਡ ਅਤੇ ਜੁਰਮਾਨੇ ਲਏ ਜਾਣਗੇ।

3. ਛੁੱਟੀ ਦੇ ਨਿਯਮ

   ੳ) ਕਾਲਜ ਤੋਂ ਛੇ ਦਿਨ ਤੱਕ ਛੁੱਟੀ ਦੀ ਅਰਜ਼ੀ ਸੰਬੰਧਿਤ ਟਿਊਟਰ ਦੀ ਸਿਫਾਰਸ਼ ਸਹਿਤ ਕਾਲਜ ਦਫਤਰ ਵਿਚ ਦਿੱਤੀ ਜਾਵੇ।

   ਅ) ਪੰਦਰਾਂ ਦਿਨਾਂ ਤੱਕ ਸੀਨੀਅਰ ਟਿਊਟਰ ਅਤੇ ਇਸ ਤੋਂ ਵੱਧ ਪ੍ਰਿੰਸੀਪਲ ਸਾਹਿਬ ਵੱਲੋਂ ਪ੍ਰਵਾਨ ਕੀਤੀ ਜਾਵੇਗੀ। ਟਿਊਟਰ ਰਾਹੀਂ ਅਰਜ਼ੀ ਸੀਨੀਅਰ ਟਿਊਟਰ ਨੂੰ ਪੇਸ਼ ਕੀਤੀ ਜਾਵੇ।

   ੲ) ਛੁੱਟੀ ਲੈਣ ਤੋਂ ਭਾਵ ਕੇਵਲ ਇਨ੍ਹਾਂ ਹੀ ਹੈ ਕਿ ਉਸ ਨੂੰ ਗੈਰ-ਹਾਜ਼ਰੀ ਦਾ ਜ਼ੁਰਮਾਨਾ ਨਹੀਂ ਹੋਵੇਗਾ। ਛੁੱਟੀ ਦਾ ਸੰਬੰਧ ਲੈਕਚਰਾਂ ਵਿਚ ਲੋੜੀਂਦੀ ਘੱਟੋ-ਘੱਟ ਹਾਜ਼ਰੀ ਨਾਲ ਨਹੀਂ ਹੈ।

   ਸ) ਕਾਲਜ ਨਾਲ ਸੰਬੰਧਿਤ ਕਿਸੇ ਗਤੀਵਿਧੀ (Activity) ਵਿਚ ਭਾਗ ਲੈਣ ਵਾਸਤੇ ਭੇਜੇ ਗਏ ਵਿਦਿਆਰਥੀ ਉਸ ਸਰਗਰਮੀ/ਖੇਡਾਂ ਦੇ ਇੰਚਾਰਜ ਪ੍ਰੋਫੈਸਰ ਦੀ ਸਿਫਾਰਸ਼ ਕਰਵਾ ਕੇ ਆਪਣੀ ਛੁੱਟੀ ਦੀ ਅਰਜ਼ੀ ਮਨਜ਼ੂਰ ਕਰਵਾਉਣ ਲਈ ਦਫਤਰ ਵਿਚ ਦੇਣ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਛੁੱਟੀ ਦੇ ਬਿਨੈ-ਪੱਤਰ ਦਾ ਬਾਕੀ ਹਿੱਸਾ Counterfoil ਆਪਣੇ ਪਾਸ ਰੱਖਣ। ਇਸ ਫਾਰਮ ਤੋਂ ਬਿਨਾਂ ਹਾਜ਼ਰੀਆਂ ਦੀ ਘਾਟ ਪੂਰੀ ਨਹੀਂ ਕੀਤੀ ਜਾਵੇਗੀ। ਹਾਜ਼ਰੀਆਂ ਦੀ ਸਹੂਲੀਅਤ ਕੇਵਲ ਕਾਲਜ ਵੱਲੋਂ ਭੇਜੇ ਗਏ ਅਧਿਕਾਰਿਤ (Authorised) ਵਿਦਿਆਰਥੀਆਂ ਨੂੰ ਹੀ ਦਿੱਤੀ ਜਾਵੇਗੀ।

   ਹ) ਘਰੇਲੂ ਪ੍ਰੀਖਿਆ/ਮਹੀਨੇਵਾਰ ਟੈਸਟ ਤੋਂ ਗੈਰ-ਹਾਜ਼ਰੀ ਲਈ ਪ੍ਰਿੰਸੀਪਲ ਸਾਹਿਬ ਕੋਲੋਂ ਲਿਖਤੀ ਰੂਪ ਵਿਚ ਪਹਿਲਾਂ ਇਜਾਜ਼ਤ ਲੈਣੀ ਜ਼ਰੂਰੀ ਹੈ।

4. ਕਾਲਜ ਤੋਂ ਗੈਰ-ਹਾਜ਼ਰੀ

   ਜੇਕਰ ਕੋਈ ਵਿਦਿਆਰਥੀ ਛੁੱਟੀ ਮਨਜ਼ੂਰ ਕਰਵਾਏ ਬਿਨਾਂ ਕਿਸੇ ਵੀ ਵਿਸ਼ੇ ਵਿਚ ਲਗਾਤਾਰ ਦਸ ਦਿਨ ਜਾਂ ਲਗਾਤਾਰ ਤਿੰਨ ਟਿਊਟੋਰੀਅਲ ਗਰੁੱਪਾਂ ਵਿਚ ਗੈਰਹਾਜ਼ਰ ਰਹਿੰਦਾ ਹੈ ਤਾਂ ਉਸ ਦਾ ਨਾਮ ਕਾਲਜ ਵਿਚੋਂ ਕੱਟ ਦਿੱਤਾ ਜਾਵੇਗਾ। ਅਜਿਹੇ ਵਿਦਿਆਰਥੀ ਪ੍ਰਿੰਸੀਪਲ ਦੀ ਆਗਿਆ ਨਾਲ ਦਾਖਲਾ ਫੀਸ ਦੇ ਕੇ 15 ਦਿਨਾਂ ਦੇ ਅੰਦਰ-ਅੰਦਰ ਦੁਬਾਰਾ ਦਾਖਲ ਹੋ ਸਕਦੇ ਹਨ। ਪ੍ਰੰਤੂ ਅਜਿਹੇ ਵਿਦਿਆਰਥੀ ਨੂੰ ਉਸ ਸਮੇਂ ਜਿਸ ਦੌਰਾਨ ਉਸ ਦਾ ਨਾਮ ਕੱਟਿਆ ਹੋਇਆ ਸੀ, ਦੀਆਂ ਹਾਜ਼ਰੀਆਂ ਨਹੀਂ ਮਿਲਣਗੀਆਂ।

5. ਘਰੇਲੂ ਪ੍ਰੀਖਿਆ

   ਘਰੇਲੂ ਪ੍ਰੀਖਿਆ ਹਰ ਵਿਦਿਆਰਥੀ ਲਈ ਜ਼ਰੂਰੀ ਹੈ, ਜਿਸ ਵਿਚ ਹਰ ਵਿਦਿਆਰਥੀ ਨੇ ਨਿਸ਼ਚਿਤ ਪ੍ਰਤੀਸ਼ਤ ਅੰਕ ਪ੍ਰਾਪਤ ਕਰਨੇ ਹੁੰਦੇ ਹਨ। ਇਸ ਸੈਸ਼ਨ ਤੋਂ ਬੀ.ਏ./ਬੀਕਾਮ./ਬੀ.ਸੀ.ਏ./ਪੀ.ਜੀ.ਡੀ.ਸੀ.ਏ./ਐਮ.ਐਸਸੀ.(ਆਈ.ਟੀ.) ਦੇ ODD ਸਮੈਸਟਰ ਦੀ ਘਰੇਲੂ ਪ੍ਰੀਖਿਆ (MST) ਅਕਤੂਬਰ ਅਤੇ ਨਵੰਬਰ ਦੇ ਆਖਰੀ ਹਫਤੇ ਅਤੇ EVEN ਸਮੈਸਟਰ ਦੀ ਘਰੇਲੂ ਪ੍ਰੀਖਿਆ (MST) ਮਾਰਚ ਅਤੇ ਅਪ੍ਰੈਲ ਦੇ

ਆਖ਼ਰੀ ਹਫਤੇ ਕਰਵਾਈ ਜਾਵੇਗੀ। ਜਿਹੜੇ ਵਿਦਿਆਰਥੀ ਕਿਸੇ ਬਿਮਾਰੀ ਜਾਂ ਹੋਰ ਬੇਰੋਕ ਕਾਰਨਾਂ ਕਰਕੇ ਪ੍ਰੀਖਿਆ ਨਾ ਦੇ ਸਕਣ ਜਾਂ ਉਹ ਵਿਦਿਆਰਥੀ ਜੋ ਨਿਰਿਧਾਰਿਤ ਸ਼ਰਤਾਂ ਪੂਰੀਆਂ ਨਾ ਕਰਦੇ ਹੋਣ, ਉਨ੍ਹਾਂ ਲਈ ਪ੍ਰਿੰਸੀਪਲ ਸਾਹਿਬ ਦੀ ਆਗਿਆ ਨਾਲ ਵਿਸ਼ੇਸ਼ ਪ੍ਰੀਖਿਆ ਵੀ ਕਾਰਵਾਈ ਜਾ ਸਕਦੀ ਹੈ।

ਨੋਟ : ਘਰੇਲੂ ਪ੍ਰੀਖਿਆ ਦੌਰਾਨ ਬਿਮਾਰੀ ਦੀ ਛੁੱਟੀ ਦੀ ਅਰਜ਼ੀ ਤਾਂ ਹੀ ਮਨਜ਼ੂਰ ਹੋ ਸਕਦੀ ਹੈ, ਜੇਕਰ ਉਸ ਨਾਲ ਕਿਸੇ ਪ੍ਰਮਾਣਿਤ ਐਮ.ਬੀ.ਬੀ.ਐਸ./ ਐਮ.ਡੀ. ਡਾਕਟਰ ਦਾ ਮੈਡੀਕਲ ਸਰਟੀਫਿਕੇਟ ਹੋਵੇ। ਅਜਿਹੀ ਅਰਜ਼ੀ ਬਿਮਾਰੀ ਦੇ ਸਮੇਂ ਦੌਰਾਨ ਹੀ ਭੇਜਣੀ ਜ਼ਰੂਰੀ ਹੋਵੇਗੀ। ਪ੍ਰੀਖਿਆ ਲੰਘਣ ਤੋਂ ਬਾਅਦ ਵਿਚ ਕੋਈ ਮੈਡੀਕਲ ਸਰਟੀਫਿਕੇਟ ਪ੍ਰਵਾਨ ਨਹੀਂ ਕੀਤਾ ਜਾਵੇਗਾ। ਇਸ ਛੁੱਟੀ ਨਾਲ ਕੇਵਲ ਜੁਰਮਾਨੇ ਤੋਂ ਛੋਟ ਮਿਲ ਸਕਦੀ ਹੈ। ਇਹ ਅਰਜ਼ੀ ਮੈਡੀਕਲ ਸਰਟੀਫਿਕੇਟ ਸਮੇਤ ਪ੍ਰਿੰਸੀਪਲ ਸਾਹਿਬ ਵੱਲੋਂ ਪ੍ਰਵਾਨ ਕਰਵਾ ਕੇ ਪ੍ਰੀਖਿਆ ਦੇ ਦੌਰਾਨ ਰਜਿਸਟਰਾਰ ਪਾਸ ਪਹੁੰਚ ਜਾਣੀ ਜ਼ਰੂਰੀ ਹੈ।

6. ਯੂਨੀਵਰਸਿਟੀ ਪ੍ਰੀਖਿਆ ਲਈ ਪਾਤਰਤਾ

ਕੋਈ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆ ਵਿਚ ਬੈਠਣ ਦਾ ਹੱਕਦਾਰ ਤਾਂ ਹੀ ਹੋ ਸਕਦਾ ਹੈ, ਜੇਕਰ ਉਸ ਨੇ ਸਾਰੇ ਵਿਸ਼ਿਆਂ ਵਿਚੋਂ ਕੁੱਲ 33 ਪ੍ਰਤੀਸ਼ਤ ਜਾਂ ਹਰ ਵਿਸ਼ੇ ਵਿਚੋਂ 25 ਪ੍ਰਤੀਸ਼ਤ ਨੰਬਰ ਲਏ ਹੋਣ। ਸ਼ਰਤਾਂ ਪੂਰੀਆਂ ਨਾ ਹੋਣ ਦੀ ਸੂਰਤ ਵਿਚ ਵਿਦਿਆਰਥੀ ਯੂਨੀਵਰਸਿਟੀ ਦੀ ਪ੍ਰੀਖਿਆ ਦੇਣ ਦੇ ਯੋਗ ਨਹੀਂ ਹੋਵੇਗਾ। ਵਿਦਿਆਰਥੀਆਂ ਦੇ ਮਾਪਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਨਵੰਬਰ ਅਤੇ ਅਪ੍ਰੈਲ ਵਿਚ ਆਪਣੇ ਬੱਚਿਆਂ ਦੇ ਲੈਕਚਰ ਅਤੇ ਉਨ੍ਹਾਂ ਦੇ ਘਰੇਲੂ ਪ੍ਰੀਖਿਆ ਦੇ ਨਤੀਜਿਆਂ ਦੀ ਸੂਚਨਾ ਪ੍ਰਾਪਤ ਕਰ ਲੈਣ।

7. ਹਾਜ਼ਰੀਆਂ ਦੀਆਂ ਸ਼ਰਤਾਂ

ਯੂਨੀਵਰਸਿਟੀਆਂ ਦੀ ਸਾਲਾਨਾ ਪ੍ਰੀਖਿਆ ਵਿਚ ਬੈਠਣ ਦੇ ਯੋਗ ਹੋਣ ਲਈ, ਵਿਦਿਆਰਥੀਆਂ ਲਈ ਹਰੇਕ ਵਿਸ਼ੇ (ਲਿਖਤੀ ਅਤੇ ਪ੍ਰੈਕਟੀਕਲਾਂ ਵਿਚ ਵੱਖ-ਵੱਖ) ਵਿਚੋਂ ਘੱਟੋ-ਘੱਟ 75% ਹਾਜ਼ਰੀਆਂ ਲੈਣੀਆਂ ਜ਼ਰੂਰੀ ਹਨ। ਅਜਿਹਾ ਨਾ ਹੋਣ ਕਰਕੇ ਵਿਦਿਆਰਥੀ ਨੂੰ ਡੀਟੇਨ ਕੀਤਾ ਜਾਵੇਗਾ। ਖਾਸ ਹਾਲਤਾਂ ਵਿਚ ਪ੍ਰਿੰਸੀਪਲ ਲੈਕਚਰਾਂ ਦੀ ਛੋਟ ਸੀਮਿਤ ਗਿਣਤੀ ਤੱਕ ਦੇ ਸਕਦੇ ਹਨ।

8. ਲਾਈਬਰੇਰੀ/ਸ਼ਨਾਖਤੀ ਕਾਰਡ

ਸਨਾਖ਼ਤੀ ਕਾਰਡ ਕਾਲਜ ਦੇ ਪੋਰਟਲ ਤੋਂ Automatic ਤਿਆਰ ਹੋਵੇਗਾ। ਇਸ ਕਰਕੇ ਵਿਦਿਅਰਥੀ ਆਨ-ਲਾਈਨ ਫਾਰਮ ਭਰਨ ਸਮੇਂ ਸਹੀ ਡਾਟਾ ਉਪਲੱਬਧ ਕਰਵਾਉਣ। ਕਾਲਜ ਵਿਚ ਦਾਖਲੇ ਪੂਰੇ ਹੋਣ ਉਪਰੰਤ ਵਿਦਿਆਰਥੀ ਲਾਇਬ੍ਰੇਰੀਅਨ ਪਾਸੋਂ ਸ਼ਨਾਖ਼ਤੀ ਕਾਰਡ ਪ੍ਰਾਪਤ ਕਰ ਸਕਦੇ ਹਨ। ਸ਼ਨਾਖਤੀ ਕਾਰਡ ਪ੍ਰਾਪਤ ਕਰਨ ਦੀ ਪੂਰੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ।

ਸਾਰੇ ਵਿਦਿਆਰਥੀ ਹਰ ਸਮੇਂ ਇਸ ਕਾਰਡ ਨੂੰ ਆਪਣੇ ਕੋਲ ਰੱਖਣਗੇ ਅਤੇ ਕਾਲਜ ਦੇ ਕਿਸੇ ਵੀ ਅਧਿਕਾਰੀ ਦੀ ਮੰਗ ਤੇ ਵਿਦਿਆਰਥੀ ਨੂੰ ਕਾਰਡ ਦਿਖਾਉਣਾ ਪਵੇਗਾ। ਸ਼ਨਾਖਤੀ ਕਾਰਡ ਦਾ ਇਸਤੇਮਾਲ ਕਈ ਜ਼ਰੂਰੀ ਕੰਮਾਂ ਲਈ ਜਿਵੇਂ ਯੂਨੀਵਰਸਿਟੀ ਪ੍ਰੀਖਿਆ ਫਾਰਮ ਭਰਨ ਵੇਲੇ,ਕਿਤਾਬਾਂ ਜਾਰੀ ਅਤੇ ਵਾਪਸ ਕਰਵਾਉਣ ਵੇਲੇ, ਲਾਇਬਰੇਰੀ ਸਕਿਊਰਟੀ ਵਾਪਸ ਲੈਣ ਸਮੇ, ਬੱਸ ਪਾਸ ਲਈ, ਕਾਲਜ ਮੈਗਜ਼ੀਨ ਪ੍ਰਾਪਤ ਕਰਨ ਸਮੇਂ ਅਤੇ ਹੋਰ ਦਫਤਰੀ ਕੰਮਾਂ ਵੇਲੇ ਕਾਲਜ ਦੇ ਬਤੌਰ ਰੈਗੂਲਰ ਵਿਦਿਆਰਥੀ ਹੋਣ ਤੇ ਸਬੂਤ ਵਜੋਂ ਕੀਤਾ ਜਾਂਦਾ ਹੈ। ਜਿਸ ਵੀ ਵਿਦਿਆਰਥੀ ਪਾਸ ਕਾਰਡ ਨਹੀਂ ਹੋਵੇਗਾ, ਉਸ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ।

ਸ਼ਨਾਖਤੀ ਕਾਰਡ ਗੁੰਮ ਹੋ ਜਾਣ ਦੀ ਸੂਰਤ ਵਿਚ ਵਿਦਿਆਰਥੀ ਲਈ ਹਲਫੀਆ ਬਿਆਨ ਅਤੇ ਪੁਲਿਸ ਰਿਪੋਰਟ ਲਿਖਵਾਉਣੀ ਜ਼ਰੂਰੀ ਹੈ। ਇਸਦੇ ਬਦਲਣ/ਵਿਗਾੜਨ ਜਾਂ ਦੁਰਵਰਤੋਂ ਕਾਰਨ ਵਿਦਿਆਰਥੀ ਵਿਰੁੱਧ ਸਖਤ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ। ਡੁਪਲੀਕੇਟ ਸ਼ਨਾਖਤੀ ਕਾਰਡ ਇਕ ਕਲਾਸ ਵਿਚ ਸਿਰਫ ਇਕ ਵਾਰ ਹੀ ਬਣੇਗਾ। ਇਸ ਲਈ ਸਨਾਖਤੀ ਕਾਰਡ ਪੂਰੀ ਹਿਫਾਜ਼ਤ ਨਾਲ ਰੱਖਿਆ ਜਾਵੇ।

9. ਟਿਊਟੋਰੀਅਲ ਗਰੁੱਪ

ਵਿਦਿਆਰਥੀ ਦੇ ਬਹੁਪੱਖੀ ਵਿਕਾਸ ਅਤੇ ਵਿਦਿਆਰਥੀ ਅਧਿਆਪਕਾਂ ਦੇ ਉਚਿਤ ਤਾਲਮੇਲ ਦੇ ਮੰਤਵ ਲਈ ਹਰ ਵਿਦਿਆਰਥੀ ਨੂੰ ਇੱਕ ਟਿਊਟੋਰੀਅਲ ਗਰੁੱਪ ਨੰਬਰ ਅਲਾਟ ਕੀਤਾ ਜਾਂਦਾ ਹੈ। ਅਧਿਆਪਕ (ਟਿਊਟਰ) ਆਪਣੇ ਗਰੁੱਪ ਅਧੀਨ ਆਉਂਦੇ ਵਿਦਿਆਰਥੀ ਦੀ ਪੜ੍ਹਾਈ, ਵਿਵਹਾਰ ਅਤੇ ਆਚਰਣ ਦਾ ਨਿਗਰਾਨ ਹੈ। ਕਿਸੇ ਵੀ ਔਕੜ ਜਾਂ ਛੁੱਟੀ ਆਦਿ ਦੀ ਮਨਜ਼ੂਰੀ ਲਈ ਵਿਦਿਆਰਥੀ ਨੂੰ ਆਪਣੇ ਟਿਊਟਰ ਦੀ ਸਹਾਇਤਾ, ਸਲਾਹ ਦਾ ਲਾਭ ਉਠਾਉਣਾ ਚਾਹੀਦਾ ਹੈ। ਆਪਣੇ ਟਿਊਟਰ ਤੋਂ ਇਲਾਵਾ ਵਿਦਿਆਰਥੀ ਸੀਨੀਅਰ ਟਿਊਟਰ ਤੋਂ ਵੀ ਅਗਵਾਈ ਅਤੇ ਸਹਾਇਤਾ ਪ੍ਰਾਪਤ ਕਰ ਸਕਦੇ ਹਨ। ਟਿਊਟੋਰੀਅਲ ਗਰੁੱਪ ਨਾ ਲਾਉਣ ਦੀ ਸੂਰਤ ਵਿਸ਼ੇਸ਼ ਜੁਰਮਾਨਾ ਦੇਣਾ ਪਵੇਗਾ ।

10. **ਰੈਗਿੰਗ ਸੰਬੰਧੀ ਚੇਤਾਵਨੀ**

**ਵਿਦਿਆਰਥੀ ਰੈਗਿੰਗ ਕਾਨੂੰਨੀ ਅਪਰਾਧ ਹੈ। ਕਾਲਜ ਵਿੱਚ ਕਿਸੇ ਵੀ ਵਿਦਿਆਰਥੀ ਨੂੰ ਰੈਗਿੰਗ ਵਿੱਚ ਹਿੱਸਾ ਲੈਣ ਦੀ ਸਖ਼ਤ ਮਨਾਹੀ ਹੈ। ਜੇ ਕੋਈ ਵਿਦਿਆਰਥੀ ਰੈਗਿੰਗ ਦਾ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਦੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।**

11. ਅਨੁਸ਼ਾਸ਼ਨ ਸੰਬੰਧੀ ਅਤਿ ਜ਼ਰੂਰੀ ਨਿਯਮ

ੳ) ਕਾਲਜ ਵਿੱਚ ਅਣਚਾਹੇ ਬਾਹਰਲੇ ਅਨਸਰਾਂ ਜਾਂ ਦੋਸਤਾਂ-ਮਿੱਤਰਾਂ ਨੂੰ ਲਿਆਉਣ ਦੀ ਸਖ਼ਤ ਮਨਾਹੀ ਹੈ। ਜੇ ਕੋਈ ਰਿਸ਼ਤੇਦਾਰ ਮਿਲਣਾ ਚਾਹੇ ਤਾਂ ਸਿੱਧਾ ਕਾਲਜ ਵਿੱਚ ਜਾਣ ਦੀ ਥਾਂ ਪਹਿਲਾਂ ਦਫ਼ਤਰ ਵਿੱਚ ਆ ਕੇ ਆਗਿਆ ਲਵੇਗਾ।

ਅ) ਵਿਦਿਆਰਥੀਆਂ ਨੂੰ ਵਰਾਂਡਿਆਂ ਜਾਂ ਕੋਰੀਡੋਰਾਂ ਵਿੱਚ ਬਿਨਾਂ ਕੰਮ ਤੋਂ ਖੜ੍ਹੇ ਹੋਣ ਦੀ ਅਤੇ ਇਨ੍ਹਾਂ ਵਿੱਚ ਬਿਨਾਂ ਵਜ੍ਹਾ ਆਵਾਜਾਈ ਕਰਨ ਦੀ ਸਖ਼ਤ ਮਨਾਹੀ ਹੈ।

ੲ) ਕਾਲਜ-ਕੈਂਪਸ ਵਿਚ ਸਿਗਰਟ, ਤੰਬਾਕੂ ਜਾਂ ਸ਼ਰਾਬ ਪੀਣ ਜਾਂ ਕਿਸੇ ਹੋਰ ਨਸ਼ੇ ਦੀ ਵਰਤੋਂ ਕਰਨ ਦੀ ਸਖ਼ਤ ਮਨਾਹੀ ਹੈ।

ਸ) ਸਾਈਕਲ, ਸਕੂਟਰ, ਮੋਟਰ-ਸਾਈਕਲ ਤੇ ਮੋਟਰ ਕਾਰਾਂ ਨਿਸ਼ਚਿਤ ਕੀਤੀਆਂ ਥਾਵਾਂ ਉਤੇ ਹੀ ਖੜ੍ਹੀਆਂ ਕੀਤੀਆਂ ਜਾਣ।

ਹ) ਪ੍ਰਿੰਸੀਪਲ ਸਾਹਿਬ ਦੀ ਅਗੇਤੀ ਆਗਿਆ ਪ੍ਰਾਪਤ ਕੀਤੇ ਬਿਨਾਂ ਕੋਈ ਵੀ ਮੀਟਿੰਗ ਕਾਲਜ ਵਿਚ ਨਹੀਂ ਕੀਤੀ ਜਾ ਸਕਦੀ।

ਕ) ਕੈਂਪਸ ਵਿੱਚ ਮੋਬਾਈਲ/ਟੈਬਲੇਟ ਦੀ ਗੈਰ-ਜ਼ਰੂਰੀ ਵਰਤੋਂ ਕਰਨ ਦੀ ਸਖ਼ਤ ਮਨਾਹੀ ਹੈ।

ਅਨੁਸ਼ਾਸਨ-ਵਿਰੋਧੀ ਕੰਮ ਕਰਨ ਵਾਲੇ ਵਿਦਿਆਰਥੀ ਵਿਰੁੱਧ ਪ੍ਰਿੰਸੀਪਲ ਸਾਹਿਬ ਨੂੰ ਸਖ਼ਤ ਕਾਰਵਾਈ ਕਰਨ ਦਾ ਪੂਰਾ ਅਧਿਕਾਰ ਹੈ।

12. ਫੀਸਾਂ- ਫੰਡਾਂ ਅਤੇ ਦਾਖਲੇ ਦੇ ਨਿਯਮਾਂ ਵਿੱਚ ਤਬਦੀਲੀ ਸੰਬੰਧੀ

ਫੀਸਾਂ-ਫੰਡਾਂ, ਦਾਖਲਿਆਂ ਅਤੇ ਹੋਰ ਨਿਯਮਾਂ ਸੰਬੰਧੀ ਪੰਜਾਬ ਸਰਕਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਮੇਂ-ਸਮੇਂ ਸਿਰ ਕੀਤੀਆਂ ਤਬਦੀਲੀਆਂ ਦੀ ਪਾਲਣਾ ਕੀਤੀ ਜਾਵੇਗੀ । ਪ੍ਰਿੰਸੀਪਲ ਸਾਹਿਬ ਨੂੰ ਪੂਰਾ ਅਧਿਕਾਰ ਹੈ ਕਿ ਉਹ ਬਿਨਾਂ ਕਿਸੇ ਅਗੇਤੀ ਸੂਚਨਾ ਦੇ ਪ੍ਰਾਸਪੈਕਟਸ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਕਰ ਸਕਦੇ ਹਨ ਅਤੇ ਜਿਸਨੂੰ ਉਹ ਦਾਖਲੇ ਦੇ ਯੋਗ ਨਾ ਸਮਝਣ ਉਸਨੂੰ ਦਾਖਲੇ ਤੋਂ ਇਨਕਾਰ ਕਰ ਸਕਦੇ ਹਨ।

# ਸਹਿ-ਵਿੱਦਿਅਕ ਗਤੀਵਿਧੀਆਂ

ਅਕਾਦਮਿਕ ਖੇਤਰ ਤੇ ਨਾਲ-ਨਾਲ ਵਿਦਿਆਰਥੀਆਂ ਦੀ ਸ਼ਖਸ਼ੀਅਤ ਦੇ ਵਿਕਾਸ ਹਿੱਤ ਕਾਲਜ ਵਿਚ ਵੱਖ-ਵੱਖ ਗਤੀਵਿਧੀਆਂ ਦਾ ਢੁੱਕਵਾਂ ਪ੍ਰਬੰਧ ਹੈ:

1. **ਸਰੀਰਕ ਸਿੱਖਿਆ ਅਤੇ ਖੇਡਾਂ:** ਕਾਲਜ ਵਿੱਚ ਖੇਡ ਮੈਦਾਨ ਉਪਲੱਬਧ ਹਨ। ਕਾਲਜ ਵੱਲੋਂ ਵੱਖ-ਵੱਖ ਖੇਡਾਂ ਦੇ ਅੰਤਰ ਕਾਲਜ ਮੁਕਾਬਲੇ ਜਾਂ ਸਟੇਟ ਪੱਧਰ ਦੇ ਖੇਡ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਲੜਕੇ ਅਤੇ ਲੜਕੀਆਂ ਦੋਵੇਂ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਨਾਲ ਸੰਪਰਕ ਕਰ ਸਕਦੇ ਹਨ।
2. **ਐਨ.ਐਨ.ਐਸ.:** ਵਿਦਿਆਰਥੀਆਂ ਵਿਚ ਸਮਾਜ ਸੇਵਾ ਅਤੇ ਕੌਮੀ ਏਕਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਕਾਲਜ ਵਿੱਚ ਐਨ.ਐਸ.ਐਸ. ਦੇ 2 ਯੂਨਿਟ ਕਾਰਜਸ਼ੀਲ ਹਨ। ਹਰੇਕ ਯੂਨਿਟ ਵਿੱਚ 100 ਵਲੰਟੀਅਰਜ਼ ਦੀ ਭਰਤੀ ਪਹਿਲਾਂ ਆਓ ਅਤੇ ਪਹਿਲਾਂ ਪਾਓ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਚਾਹਵਾਨ ਵਿਦਿਆਰਥੀ ਪ੍ਰੋਗਰਾਮ ਅਫ਼ਸਰ ਨੂੰ ਮਿਲ ਕੇ ਭਰਤੀ ਪ੍ਰੋਫਾਰਮਾ ਨਿਯਤ ਸਮੇਂ ਵਿੱਚ ਭਰ ਸਕਦੇ ਹਨ।
3. **ਵਿਦਿਆਰਥੀ ਸਭਾਵਾਂ:** ਵਿਦਿਆਰਥੀਆਂ ਨੂੰ ਪੜ੍ਹਾਈ ਤੋਂ ਇਲਾਵਾ ਸਹਿ-ਵਿੱਦਿਅਕ ਸਰਗਰਮੀਆਂ ਲਈ ਵੀ ਪ੍ਰੇਰਨਾ ਦਿੱਤੀ ਜਾਂਦੀ ਹੈ। ਇਸ ਮੰਤਵ ਲਈ ਪੰਜਾਬੀ ਸਾਹਿਤ ਸਭਾ, ਪੁਲਿਟੀਕਲ ਸਾਇੰਸ ਐਸੋਸੀਏਸ਼ਨ, ਹਿਸਟਰੀ ਸੋਸਾਇਟੀ, ਇਕਨਾਮਿਕਸ ਸੋਸਾਇਟੀ ਆਦਿ ਸਥਾਪਿਤ ਹਨ।
4. **ਕਾਲਜ ਮੈਗਜ਼ੀਨ "ਪ੍ਰਤਿਭਾ":** ਵਿਦਿਆਰਥੀਆਂ ਵਿਚ ਰਚਨਾਤਮਕ ਰੁਚੀਆਂ ਨੂੰ ਉਤਸਾਹਿਤ ਕਰਨ ਲਈ ਹਰ ਸਾਲ 'ਪ੍ਰਤਿਭਾ' ਮੈਗਜ਼ੀਨ ਪ੍ਰਕਾਸ਼ਿਤ ਕੀਤਾ ਜਾਵੇਗਾ, ਜਿਸ ਵਿਚ ਪੰਜਾਬੀ, ਅੰਗਰੇਜ਼ੀ, ਸੋਸ਼ਲ ਸਾਇੰਸ ਅਤੇ ਕਾਲਜ ਦਰਪਣ ਦੇ ਸੈਕਸ਼ਨ ਹੁੰਦੇ ਹਨ। ਹਰ ਸੈਕਸ਼ਨ ਦੇ ਸੰਪਾਦਕ ਦਾ ਕੰਮ ਇਕ ਪ੍ਰੋਫੈਸਰ ਸਾਹਿਬ ਨੂੰ ਸੌਂਪਿਆ ਜਾਂਦਾ ਹੈ। ਜੋ ਅੱਗੇ ਆਪਣੀ ਸਹਾਇਤਾ ਲਈ ਇੱਕ ਵਿਦਿਆਰਥੀ ਅਤੇ ਇੱਕ ਵਿਦਿਆਰਥਣ ਸੰਪਾਦਕ ਦੀ ਚੋਣ ਕਰਦੇ ਹਨ। ਸਮੁੱਚੇ ਤੌਰ ਤੇ ਮੁੱਖ ਸੰਪਾਦਕ ਮੈਗਜ਼ੀਨ ਲਈ ਸੇਧ ਦਿੰਦਾ ਹੈ।
5. **ਰੈਡ ਕਰਾਸ ਸੁਸਾਇਟੀ:** ਕਾਲਜ ਵਿਚ ਰੈਡ ਕਰਾਸ ਸੁਸਾਇਟੀ ਬਣੀ ਹੋਈ ਹੈ। ਵਿਦਿਆਰਥੀ ਇਸਦੇ ਮੈਂਬਰ ਬਣ ਕੇ ਵੱਖ-ਵੱਖ ਗਤੀਵਿਧੀਆਂ ਵਿਚ ਭਾਗ ਲੈ ਸਕਦੇ ਹਨ। ਇਸ ਲਈ ਰੈਡ ਕਰਾਸ ਪ੍ਰੋਫੈਸਰ ਇੰਚਾਰਜ ਨਾਲ ਸੰਪਰਕ ਕੀਤਾ ਜਾ ਸਕਦਾ ਹੈ।
6. **ਰੈਡ ਰਿਬਨ ਕਲੱਬ:** ਕਾਲਜ ਵਿਚ ਰੈਡ ਰਿਬਨ ਕਲੱਬ ਕਾਰਜਸ਼ੀਲ ਹੈ। ਇਸ ਕਲੱਬ ਵੱਲੋਂ ਆਯੋਜਿਤ ਗਤੀਵਿਧੀਆਂ ਵਿਚ ਵਿਦਿਆਰਥੀ ਸਮੇਂ-ਸਮੇਂ ਤੇ ਭਾਗ ਲੈਂਦੇ ਹਨ। ਇਸ ਲਈ ਕਲੱਬ ਦੇ ਨੋਡਲ ਅਫਸਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।
7. **ਯੂਥ-ਫੈਸਟੀਵਲ ਅਤੇ ਲੋਕ ਮੇਲਾ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਹਰ ਸਾਲ ਇੱਕ ਖੇਤਰੀ ਯੁਵਕ ਅਤੇ ਲੋਕ ਮੇਲੇ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਮੇਲੇ ਵਿੱਚ ਵਿਦਿਆਰਥੀ ਸੰਗੀਤ, ਥਿਏਟਰ, ਸਾਹਿਤਿਕ ਗਤੀਵਿਧੀਆਂ, ਕੋਮਲ ਕਲਾਵਾਂ, ਗਿੱਧਾ, ਭੰਗੜਾ, ਪ੍ਰਚੱਲਿਤ ਅਤੇ ਅਲੋਪ ਹੋ ਰਹੀਆਂ ਲੋਕ ਕਲਾਵਾਂ ਵਿੱਚ ਭਾਗ ਲੈਂਦੇ ਹਨ। ਜੇਤੂ ਟੀਮਾਂ ਅੰਤਰ-ਖੇਤਰੀ ਯੁਵਕ ਅਤੇ ਲੋਕ ਮੇਲੇ ਵਿੱਚ ਭਾਗ ਲੈਂਦੀਆਂ ਹਨ। ਕਾਲਜ ਦੇ ਵਿਦਿਆਰਥੀ ਇਨ੍ਹਾਂ ਮੇਲਿਆਂ ਵਿੱਚ ਭਾਗ ਲੈਂਦੇ ਹਨ ਅਤੇ ਜਿੱਤ ਪ੍ਰਾਪਤ ਕਰਕੇ ਕਾਲਜ ਅਤੇ ਮਾਪਿਆਂ ਦਾ ਮਾਣ ਵਧਾਉਂਦੇ ਹਨ।

# ਇਨਾਮ ਅਤੇ ਸਨਮਾਨ ਦੇਣ ਦਾ ਨਿਯਮ

1. ਵਿੱਦਿਅਕ, ਸੱਭਿਆਚਾਰਕ ਅਤੇ ਖੇਡ ਗਤੀਵਿਧੀਆਂ ਵਿਚ ਸ੍ਰੇਸ਼ਠ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਕਾਲਜ ਦੇ ਸਾਲਾਨਾ ਇਨਾਮ ਵੰਡ ਸਮਾਰੋਹ ਦੇ ਮੌਕੇ ਤੇ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ।
2. ਘਰੇਲੂ ਪ੍ਰੀਖਿਆਵਾਂ ਵਿਚ ਸ੍ਰੇਸ਼ਠ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਵਿਚ ਪ੍ਰਾਪਤ ਕੁੱਲ ਅੰਕਾਂ ਦੇ ਆਧਾਰ ਤੇ ਇਨਾਮ ਦਿੱਤੇ ਜਾਂਦੇ ਹਨ।
3. ਹਰੇਕ ਵਿਸ਼ੇ ਵਿਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਦਿੱਤੇ ਇਨਾਮਾਂ ਤੋਂ ਇਲਾਵਾ ਹਰ ਕਲਾਸ ਵਿਚ ਪ੍ਰਾਪਤ ਕੁੱਲ ਅੰਕਾਂ ਦੇ ਆਧਾਰ ਤੇ ਵੀ ਇਨਾਮ ਦਿੱਤੇ ਜਾਂਦੇ ਹਨ।
4. ਘਰੇਲੂ ਇਮਤਿਹਾਨਾਂ ਤੋਂ ਇਲਾਵਾ ਯੂਨੀਵਰਸਿਟੀ ਇਮਤਿਹਾਨਾਂ ਵਿਚ ਪ੍ਰਾਪਤ ਕੁੱਲ ਅੰਕਾਂ ਦੇ ਆਧਾਰ ਤੇ ਵੀ ਕਾਲਜ ਵਿਚ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ।
5. ਕਿਸੇ ਹੋਰ ਖੇਤਰ ਵਿਚ ਵੀ ਖਾਸ ਪੱਧਰ ਦੀ ਪ੍ਰਾਪਤੀ ਹੋਣ ਤੇ ਵਿਸ਼ੇਸ਼ ਇਨਾਮ ਲਈ ਵੀ ਵਿਚਾਰਿਆ ਜਾ ਸਕਦਾ ਹੈ।
6. ਉਪਰੋਕਤ ਇਨਾਮਾਂ ਦਾ ਫੈਸਲਾ ਪ੍ਰਿੰਸੀਪਲ ਅਤੇ ਕਾਲਜ ਕੌਂਸਲ ਕਰਦੀ ਹੈ।
7. ਇਹ ਇਨਾਮ ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਦਿੱਤੇ ਜਾਣਗੇ ਜਿਨ੍ਹਾਂ ਦੇ ਵਿਵਹਾਰ ਬਾਰੇ ਪੂਰੀ ਤਸੱਲੀ ਹੋਵੇਗੀ ਅਤੇ ਜੋ ਆਪਣੇ ਵਿਸ਼ੇ ਅਤੇ ਕਾਰਜ ਖੇਤਰ ਵਿਚ ਬਕਾਇਦਾ ਹਾਜ਼ਰੀ ਦਾ ਪ੍ਰਦਰਸ਼ਨ ਕਰਨਗੇ।
8. ਰੋਲ ਆਫ਼ ਆਨਰ ਦੇ ਨਾਲ ਵਿਦਿਆਰਥੀ ਨੂੰ ਕਾਲਜ ਕਲਰ ਵੀ ਦਿੱਤਾ ਜਾਂਦਾ ਹੈ। ਜੇ ਉਸਨੂੰ ਪਹਿਲਾਂ ਕਾਲਜ ਕਲਰ ਨਾ ਪ੍ਰਾਪਤ ਹੋਇਆ ਹੋਵੇ । ਦੂਜੀ ਵਾਰ ਕਿਸੇ ਵਿਦਿਆਰਥੀ ਨੂੰ ਰੋਲ ਆਫ ਆਨਰ ਤਾਂ ਹੀ ਪ੍ਰਦਾਨ ਕੀਤਾ ਜਾ ਸਕਦਾ ਹੈ ਜੇਕਰ ਉਸਦੇ ਅਕਾਦਮਿਕ ਖੇਤਰ ਵਿਚ, ਖੇਡਾਂ ਦੇ ਵੱਖਰੇ ਖੇਤਰ ਜਾਂ ਸਹਿ-ਵਿਦਿਅਕ ਖੇਤਰ ਵਿਚ ਕੋਈ ਨਵੀਂ ਪ੍ਰਾਪਤੀ ਕੀਤੀ ਹੋਵੇ।

## 1. ਵਿੱਦਿਅਕ ਖੇਤਰ ਵਿਚ ਰੋਲ ਆਫ ਆਨਰ, ਕਾਲਜ ਕਲਰ, ਮੈਰਿਟ ਸਰਟੀਫਿਕੇਟ :

ੳ) ਰੋਲ ਆਫ ਆਨਰ: ਇਸ ਖੇਤਰ ਵਿਚੋਂ ਰੋਲ ਆਫ ਆਨਰ ਉਸ ਵਿਦਿਆਰਥੀ ਨੂੰ ਮਿਲੇਗਾ ਜਿਸਨੇ ਯੂਨੀਵਰਸਿਟੀ ਦੇ ਆਖਰੀ ਸਾਲ ਵਿਚ ਯੂਨੀਵਰਸਿਟੀ ਦੀ ਸਾਂਝੀ ਮੈਰਿਟ ਲਿਸਟ ਦੇ ਪਹਿਲੇ ਦੋ ਸਥਾਨਾਂ ਵਿਚੋਂ ਕੋਈ ਇਕ ਸਥਾਨ ਪ੍ਰਾਪਤ ਕੀਤਾ ਹੋਵੇ ।

ਅ) ਕਾਲਜ-ਕਲਰ:- ਯੂਨੀਵਰਸਿਟੀ ਪ੍ਰੀਖਿਆ ਵਿਚ ਮੈਰਿਟ ਲਿਸਟ ਵਿਚ ਕੋਈ ਵੀ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਂਦਾ ਹੈ ।

## ਘਰੇਲੂ ਪ੍ਰੀਖਿਆਵਾਂ ਦੇ ਆਧਾਰ ਤੇ ਇਨਾਮ ਪ੍ਰਾਪਤ ਕਰਨ ਦੇ ਨਿਯਮ:-

ੳ) ਹਰ ਸ਼੍ਰੇਣੀ ਵਿਚ ਸਾਰੇ ਮਜ਼ਬੂਨਾਂ ਦੇ ਨੰਬਰ ਮਿਲਾ ਕੇ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਵਾਲੇ ਸਭ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਣਗੇ । ਹਰ ਵਿਸ਼ੇ ਵਿਚੋਂ ਪਾਸ ਵਿਦਿਆਰਥੀ ਨੂੰ ਹੀ ਇਨਾਮ ਦਿੱਤਾ ਜਾਵੇਗਾ।

ਅ) ਹਰ ਵਿਸ਼ੇ ਵਿਚ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਇਨਾਮ ਦੇ ਹੱਕਦਾਰ ਹੋਣਗੇ। ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਦੇ ਘੱਟੋ-ਘੱਟ 50% ਅੰਕ ਹੋਣੇ ਚਾਹੀਦੇ ਹਨ।

ੲ) ਇੱਕ ਵਿਸ਼ੇ ਵਿਚ ਦੋ ਜਾਂ ਦੋ ਤੋਂ ਵੱਧ ਵਿਦਿਆਰਥੀਆਂ ਦੇ ਬਰਾਬਰ ਨੰਬਰ ਪ੍ਰਾਪਤ ਕਰਨ ਦੀ ਹਾਲਤ ਵਿਚ ਸਾਰੇ ਮਜ਼ਬੂਨਾਂ ਦੇ ਨੰਬਰਾਂ ਦੇ ਕੁੱਲ ਜੋੜ ਵਿਚ ਵੱਧ ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਹੀ ਇਨਾਮ ਦਿੱਤਾ ਜਾਵੇਗਾ।

ਸ) ਕਿਸੇ ਇੱਕ ਮਜ਼ਬੂਨ ਵਿਚ ਫੇਲ੍ਹ ਹੋਏ ਵਿਦਿਆਰਥੀ ਨੂੰ ਕੋਈ ਇਨਾਮ ਨਹੀਂ ਦਿੱਤਾ ਜਾਵੇਗਾ।

ਹ) ਜੇ ਕਿਸੇ ਵਿਸ਼ੇ ਵਿਚ 10 ਜਾਂ 10 ਤੋਂ ਘੱਟ ਵਿਦਿਆਰਥੀ ਇਮਤਿਹਾਨ ਵਿਚ ਬੈਠਦੇ ਹਨ ਤਾਂ ਇੱਕ ਹੀ ਇਨਾਮ ਮਿਲੇਗਾ।

ਕ) ਜੇ ਕਿਸੇ ਵਿਸ਼ੇ ਵਿਚ ਵਿਦਿਆਰਥੀ ਇਮਤਿਹਾਨ ਵਿਚ ਬੈਠਦਾ ਹੈ ਤਾਂ ਇੱਕ ਹੀ ਇਨਾਮ ਮਿਲੇਗਾ।

ਖ) ਐਗਰੀਗੇਟ ਵਿਚ ਇਨਾਮ ਯੂਨੀਵਰਸਿਟੀ ਦੀ ਫੈਕੇਲਟੀਜ਼ ਅਨੁਸਾਰ ਹੋਵੇਗਾ।

## 2. ਖੇਡਾਂ ਦੇ ਖੇਤਰ ਵਿਚ ਰੋਲ ਆਫ਼ ਆਨਰ ਅਤੇ ਕਾਲਜ ਕਲਰ ਦੇਣ ਦੇ ਨਿਯਮ

ਰੋਲ ਆਫ਼ ਆਨਰ

1. ਨੈਸ਼ਨਲ ਖੇਡ ਮੁਕਾਬਲਿਆਂ ਵਿੱਚ ਵਿਅਕਤੀਗਤ ਖੇਡ ਵਿੱਚ ਪਹਿਲੀ, ਦੂਜੀ ਜਾਂ ਤੀਜੀ ਪੁਜੀਸ਼ਨ ਲੈਣ ਵਾਲਾ ਖਿਡਾਰੀ ਜਾਂ ਨੈਸ਼ਨਲ ਪੱਧਰ 'ਤੇ ਹੋਣ ਵਾਲੇ

ਟੀਮ ਖੇਡ ਮੁਕਾਬਲਿਆਂ ਵਿੱਚ ਪਹਿਲੇ, ਦੂਜੇ ਜਾਂ ਤੀਜੇ ਸਥਾਨ ਤੇ ਆਉਣ ਵਾਲੀ ਟੀਮ ਦਾ ਮੈਂਬਰ ਖਿਡਾਰੀ।

2. ਅੰਤਰ-ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿੱਚ ਵਿਅਕਤੀਗਤ ਖੇਡ ਵਿਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ ਖਿਡਾਰੀ ਜਾਂ ਜੇਤੂ ਟੀਮ ਦਾ ਮੈਂਬਰ ਖਿਡਾਰੀ।
3. ਇੰਟਰਨੈਸ਼ਨਲ ਮੁਕਾਬਲੇ ਲਈ ਕਿਸੇ ਟੀਮ ਦਾ ਮੈਂਬਰ ਜਾਂ ਵਿਅਕਤੀਗਤ ਖਿਡਾਰੀ।
4. ਨੈਸ਼ਨਲ ਜਾਂ ਆਲ ਇੰਡੀਆ ਇੰਟਰ ਯੂਨੀਵਰਸਿਟੀ ਖੇਡ ਮੁਕਾਬਲੇ ਵਿੱਚ ਭਾਗ ਲੇਣ ਵਾਲਾ ਖਿਡਾਰੀ, ਪਰ ਉਸ ਖਿਡਾਰੀ ਨੇ ਕਾਲਜ ਵਿੱਚੋਂ ਲਗਾਤਾਰ ਦੂਸਰੀ ਵਾਰ ਸਟੇਟ ਜਾਂ ਅੰਤਰ ਕਾਲਜ ਖੇਡ ਮੁਕਾਬਲੇ ਵਿੱਚ ਭਾਗ ਲਿਆ ਹੋਵੇ।
5. ਸਟੇਟ (ਸੀਨੀਅਰ) ਜਾਂ ਯੂਨੀਵਰਸਿਟੀ ਟੀਮ ਦਾ ਕਪਤਾਨ। ਸ਼ਰਤ ਇਹ ਹੈ ਕਿ ਉਸਨੇ ਕਾਲਜ ਵੱਲੋਂ ਖੇਡ ਮੁਕਾਬਲਿਆਂ ਵਿਚ ਭਾਗ ਲਿਆ ਹੋਵੇ ਜਾਂ ਉਸ ਨੂੰ ਕਾਲਜ ਵੱਲੋਂ ਭੇਜਿਆ ਗਿਆ ਹੋਵੇ।
6. ਯੂਨੀਵਰਸਿਟੀ ਜਾਂ ਸਟੇਟ ਸੀਨੀਅਰ ਚੈਂਪੀਅਨਸ਼ਿਪ ਵਿਚ ਨਵਾਂ ਰਿਕਾਰਡ ਸਥਾਪਿਤ ਕਰਨ ਵਾਲਾ ਖਿਡਾਰੀ।
7. ਕਾਲਜ ਅਥਲੈਟਿਕ ਮੀਟ 'ਚੋਂ ਲਗਾਤਾਰ ਤਿੰਨ ਵਾਰ ਸਰਵੋਤਮ ਖਿਡਾਰੀ ਨੂੰ ਰੋਲ ਆਫ਼ ਆਨਰ ਦਿੱਤਾ ਜਾਵੇਗਾ।

ਨੋਟ : ਕੇਵਲ ਉਹਨਾਂ ਹੀ ਖੇਡ ਮੁਕਾਬਲਿਆਂ ਨੂੰ ਮਾਨਤਾ ਦਿੱਤੀ ਜਾਵੇਗੀ ਜਿਹੜੇ ਯੂਨੀਵਰਸਿਟੀ/ਪੰਜਾਬ ਸਰਕਾਰ ਵੱਲੋਂ ਪ੍ਰਵਾਨਿਤ ਹੋਣਗੇ ਅਤੇ ਕਾਲਜ ਵੱਲੋਂ ਪ੍ਰਵਾਨਗੀ ਲੈ ਕੇ ਪ੍ਰਤਿਨਿਧਤਾ ਕੀਤੀ ਹੋਵੇ। ਇਸ ਤੋਂ ਉਪਰੰਤ ਖਿਡਾਰੀ ਅੰਤਰ ਕਾਲਜ ਵੀ ਖੇਡਿਆ ਹੋਣਾ ਜ਼ਰੂਰੀ ਹੈ।

### ਕਾਲਜ ਕਲਰ

1. ਪੰਜਾਬ ਰਾਜ ਜਾਂ ਪੰਜਾਬੀ ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਨ ਵਾਲਾ ਖਿਡਾਰੀ।
2. ਯੂਨੀਵਰਸਿਟੀ ਪੱਧਰ ਤੇ ਖੇਡਾਂ ਵਿਚ ਵਿਅਕਤੀਗਤ ਖੇਡ ਵਿਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ ਵਿਦਿਆਰਥੀ।
3. ਸਟੇਟ ਜਾਂ ਅੰਤਰ ਕਾਲਜ ਖੇਡ ਮੁਕਾਬਲਿਆਂ ਦੀ ਜੇਤੂ ਟੀਮ ਦੇ 100% ਖਿਡਾਰੀਆਂ ਨੂੰ / ਦੂਸਰਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ 50% ਖਿਡਾਰੀਆਂ ਨੂੰ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ 25% ਖਿਡਾਰੀਆਂ ਅਤੇ ਟੀਮ ਨੂੰ ਸੀਨੀਅਰਤਾ ਮੁਤਾਬਿਕ ਕਾਲਜ ਕਲਰ ਪ੍ਰਦਾਨ ਕੀਤਾ ਜਾਵੇਗਾ।
4. ਸਟੇਟ ਚੈਂਪੀਅਨਸਿੱਪ (ਸੀਨੀਅਰ) ਵਿਚ ਵਿਅਕਤੀਗਤ ਖੇਡ ਵਿੱਚ ਪਹਿਲਾ, ਦੂਜਾ ਜਾਂ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਜਾਂ ਸਟੇਟ ਚੈਂਪੀਅਨਸ਼ਿਪ ਵਿਚੋਂ ਜੇਤੂ ਟੀਮਾਂ ਦਾ ਮੈਂਬਰ। ਖਿਡਾਰੀ ਦਾ ਕਾਲਜ ਵੱਲੋਂ ਖੇਡਿਆ ਜਾਣਾ ਜ਼ਰੂਰੀ ਹੈ।
5. ਕਾਲਜ ਦੀ ਸਾਲਾਨਾ ਅਥਲੈਟਿਕਸ ਮੀਟ ਵਿਚੋਂ ਲੜਕੇ ਅਤੇ ਲੜਕੀਆਂ ਵਿਚੋਂ ਚੁਣੇ ਗਏ ਦੋਵੇਂ ਬੈਸਟ ਐਥਲੀਟਾਂ ਨੂੰ ਕਾਲਜ ਕਲਰ ਦਿੱਤਾ ਜਾਵੇਗਾ।

### 3. ਐਨ.ਐਸ.ਐਸ.

ੳ) ਰੋਲ ਆਫ਼ ਆਨਰ

1. ਜਿਹੜਾ ਵਲੰਟੀਅਰ ਅੰਤਰ ਸਟੇਟ/ਸਰਬ-ਹਿੰਦ/ਆਲ ਇੰਡੀਆ ਅੰਤਰ-ਯੂਨੀਵਰਸਿਟੀ ਮੁਕਾਬਲੇ ਵਿੱਚ ਸਮੁੱਚੇ ਤੌਰ 'ਤੇ ਖ਼ੂਨਦਾਨ, ਪ੍ਰੋਜੈਕਟ ਵਰਕ, ਡਿਬੇਟ, ਭਾਸ਼ਣ, ਅਨੁਸ਼ਾਸਨ ਆਦਿ ਨੂੰ ਜੋੜ ਕੇ ਪਹਿਲਾ/ਦੂਜਾ ਸਥਾਨ ਪ੍ਰਾਪਤ ਕਰਦਾ ਹੈ ਜਾਂ ਸਮੁੱਚੇ ਤੌਰ ਤੇ ਬੈਸਟ ਕੈਂਪਰ ਐਲਾਨਿਆ ਜਾਂਦਾ ਹੈ।
2. ਰਾਸ਼ਟਰੀ ਗਣਤੰਤਰ ਦਿਵਸ (ਦਿੱਲੀ) ਵਿਚ ਭਾਗ ਲੈਣ ਵਾਲੇ ਪ੍ਰਤਿਯੋਗੀ।

ਅ) ਕਾਲਜ ਕਲਰ

1. ਯੂਨੀਵਰਸਿਟੀ ਪੱਧਰ 'ਤੇ ਮੈਡਲ ਜਿੱਤਣ ਵਾਲੇ ਨੂੰ ਐਨ.ਐਸ.ਐਸ. ਦੀਆਂ ਸਾਰੀਆਂ ਗਤੀਵਿਧੀਆਂ ਵਿੱਚ ਕਾਲਜ ਅਤੇ ਯੂਨੀਵਰਸਿਟੀ ਪੱਧਰ 'ਤੇ ਉਚ ਪ੍ਰਾਪਤੀਆਂ ਕੀਤੀਆਂ ਹੋਣ।
2. ਅੰਤਰ-ਰਾਜ/ਅੰਤਰ-ਵਰਸਿਟੀ/ਸਰਬ-ਹਿੰਦ ਕੈਂਪ ਮੁਕਾਬਲਿਆਂ ਵਿਚ ਯੂਨੀਵਰਸਿਟੀ/ਸਟੇਟ ਦੀ ਪ੍ਰਤੀਨਿਧਤਾ ਕਰਦੇ ਹੋਏ ਸਮੁੱਚੇ ਤੌਰ 'ਤੇ ਘੱਟੋ-ਘੱਟ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ।
3. ਯੂਨੀਵਰਸਿਟੀ ਵੱਲੋਂ ਆਯੋਜਿਤ ਅੰਤਰ ਕਾਲਜ ਕੈਂਪ ਵਿਚ ਸੁਮੱਚੇ ਤੌਰ 'ਤੇ ਪਹਿਲਾ ਸਥਾਨ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ਜਾਂ ਬੈਸਟ ਕੈਂਪਰ ਘੋਸ਼ਿਤ ਹੋਣ ਵਾਲੇ।
4. ਹਰ ਯੂਨਿਟ ਦੇ ਉਹਨਾਂ ਸਰਵੋਤਮ ਵਲੰਟੀਅਰਾਂ/ਵਿਦਿਆਰਥੀਆਂ (ਇਕ ਲੜਕਾ/ਲੜਕੀ) ਨੂੰ ਜਿਨ੍ਹਾਂ ਨੂੰ ਸਿਫਾਰਿਸ਼ ਸੰਬੰਧਿਤ ਪ੍ਰੋਗਰਾਮ ਅਫ਼ਸਰ ਵੱਲੋਂ ਇਕ ਰੋਜ਼ਾ ਕੈਂਪ/ਦਸ ਰੋਜ਼ਾ ਕੈਂਪ/ਅੰਤਰ ਕਾਲਜ ਕੈਂਪ/ਬਾਲਗ-ਸਿੱਖਿਆ ਕੇਂਦਰ/ਪ੍ਰੋਜੈਕਟ ਵਰਕ/ਰਿਲੀਫ ਕੁਲੈਕਸ਼ਨ/ਖ਼ੂਨਦਾਨ/ਕੈਟਾਗਰੀ ਸਰਟੀਫਿਕੇਟ/ਸੱਭਿਆਚਾਰਕ ਸਰਗਰਮੀਆਂ/ਕੈਂਪ ਦੀਆਂ ਖੇਡਾਂ ਆਦਿ ਦੇ ਆਧਾਰ 'ਤੇ ਵਲੰਟੀਅਰ ਦੀ ਸਮੁੱਚੀ ਕਾਰਗੁਜ਼ਾਰੀ ਨੂੰ ਵੇਖਦੇ ਹੋਏ ਕੀਤੀ ਹੋਵੇ।

### 4. ਸੱਭਿਆਚਾਰਕ ਖੇਤਰ ਵਿਚ ਰੋਲ ਆਫ਼ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਦੇ ਨਿਯਮ

ਉਹ ਵਿਅਕਤੀ ਰੋਲ ਆਫ਼ ਆਨਰ ਦਾ ਹੱਕਦਾਰ ਹੋਵੇਗਾ ਜੋ ਹੇਠ ਲਿਖੇ ਅਨੁਸਾਰ ਕੁੱਲ ਮਿਲਾ ਕੇ 35 ਅੰਕ ਪ੍ਰਾਪਤ ਕਰੇਗਾ। ਜੋ ਕੁੱਲ 25 ਅੰਕ ਪ੍ਰਾਪਤ ਉਸਨੂੰ

ਕਾਲਜ ਕਲਰ ਪ੍ਰਦਾਨ ਕੀਤਾ ਜਾਵੇਗਾ। ਇਹ ਅੰਕ ਅੰਤਰ ਕਾਲਜ ਮੁਕਾਬਲੇ ਜਿਨ੍ਹਾਂ ਵਿਚ ਯੂਨੀਵਰਸਿਟੀ ਦੇ

ਪਹਿਲਾ ਇਨਾਮ = 5 ਅੰਕ ਦੂਸਰਾ ਇਨਾਮ = 3 ਅੰਕ ਤੀਸਰਾ ਇਨਾਮ = 2 ਅੰਕ ਟਰਾਫੀ = 5 ਅੰਕ

ੳ) ਰੋਲ ਆਫ਼ ਆਨਰ:

1. ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਦੇ ਹੋਏ ਅੰਤਰ ਸਟੇਟ/ਸਰਬ ਹਿੰਦ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ।
2. ਅੰਤਰ-ਯੂਨੀਵਰਸਿਟੀ ਯੁਵਕ ਮੇਲੇ ਵਿੱਚ ਅੱਵਲ ਰਹਿਣ ਵਾਲੇ ਨੂੰ।
3. ਅੰਤਰ ਯੂਨੀਵਰਸਿਟੀ/ਅੰਤਰ ਸਟੇਟ/ਸਰਬ ਹਿੰਦ ਮੁਕਾਬਲਿਆਂ ਵਿੱਚ ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਦੇ ਹੋਏ ਤੀਜੇ, ਚੌਥੇ ਸਥਾਨ ਵਾਲੇ ਨੂੰ।

ਅ) ਕਾਲਜ ਕਲਰ

ੳ) ਜ਼ੋਨਲ ਮੁਕਾਬਲੇ ਵਿੱਚ ਦੂਸਰੇ ਸਥਾਨ 25% ਅ) ਅੰਤਰ-ਜ਼ੋਨਲ/ਯੂਨੀਵਰਸਿਟੀ ਮੁਕਾਬਲੇ ਵਿੱਚ ਦੂਜੇ ਸਥਾਨ 75%

ੲ) ਜ਼ੋਨਲ ਮੁਕਾਬਲੇ ਵਿੱਚ ਪਹਿਲਾ ਸਥਾਨ 50% ਸ) ਅੰਤਰ-ਜ਼ੋਨਲ/ਯੂਨੀਵਰਸਿਟੀ ਮੁਕਾਬਲੇ ਵਿੱਚ ਪਹਿਲਾ ਸਥਾਨ 100%

ਨੋਟ : ਉਪਰੋਕਤ % ਦਰ ਕੇਵਲ ਉਨ੍ਹਾਂ ਕਲਾਕਾਰਾਂ ਲਈ ਹੈ ਜੋ ਸੱਚਮੁੱਚ ਸਟੇਜ ਤੇ ਆਪਣੀ ਕਲਾ ਦੀ ਪ੍ਰਦਰਸ਼ਨੀ ਕਰਦੇ ਹਨ। (ਸਹਿਯੋਗੀਆਂ ਨੂੰ ਇਸਦਾ ਲਾਭ ਨਹੀਂ ਮਿਲੇਗਾ)

1. ਇਨਾਮ ਦਾ ਆਧਾਰ ਵਿਚਾਰ ਅਧੀਨ ਗਤੀਵਿਧੀ ਵਿਚ ਸਮੁੱਚੀ ਕਿਰਤ ਹੋਵੇਗੀ ਨਾ ਕਿ ਗਤੀਵਿਧੀ ਦਾ ਇਕ ਹਿੱਸਾ।
2. ਕਿਸੇ ਇੱਕ ਰੁਝੇਵੇਂ/ਖੇਤਰ ਲਈ ਦੁਬਾਰਾ ਉਹੀ ਇਨਾਮ ਨਹੀਂ ਦਿੱਤਾ ਜਾਵੇਗਾ।
3. ਸੰਬੰਧਿਤ ਇੰਚਾਰਜ ਦੀ ਸਿਫਾਰਸ਼ ਅਤੇ ਪ੍ਰਿੰਸੀਪਲ ਸਾਹਿਬ ਦੀ ਪ੍ਰਵਾਨਗੀ 'ਤੇ ਸੱਭਿਆਚਾਰਕ ਸਰਗਰਮੀਆਂ ਅਤੇ ਦੂਜੀਆਂ ਗਤੀਵਿਧੀਆਂ ਵਿਚ ਮੈਰਿਟ ਸਰਟੀਫਿਕੇਟ ਦਿੱਤੇ ਜਾ ਸਕਦੇ ਹਨ।

5. ਰੈਡ ਕਰਾਸ ਸੁਸਾਇਟੀ ਲਈ ਰੋਲ ਆਫ਼ ਆਨਰ ਅਤੇ ਕਾਲਜ ਲਈ ਨਿਯਮ

ੳ) ਰੋਲ ਆਫ ਆਨਰ:- ਅੰਤਰ-ਵਰਸਿਟੀ/ਅੰਤਰ ਰਾਜ ਮੁਕਾਬਲਿਆਂ ਵਿੱਚੋਂ ਪਹਿਲਾ, ਦੂਜਾ ਜਾਂ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਲੰਟੀਅਰਾਂ ਨੂੰ।

ਅ) ਕਾਲਜ ਕਲਰ:- ਸਟੇਟ/ਅੰਤਰ-ਕਾਲਜ ਯੂਨੀਵਰਸਿਟੀ ਮੁਕਾਬਲਿਆਂ ਵਿਚ ਪਹਿਲਾ, ਦੂਜਾ ਜਾਂ ਤੀਜਾ ਸਥਾਨ ਹਾਸਲ ਕਰਨ ਵਾਲੇ ਵਲੰਟੀਅਰਾਂ ਨੂੰ।

ਨੋਟ : ਪ੍ਰਿੰਸੀਪਲ ਸਾਹਿਬ ਨੂੰ ਅਧਿਕਾਰ ਹੈ ਕਿ ਹਾਲਾਤਾਂ ਨੂੰ ਧਿਆਨ 'ਚ ਰੱਖਦੇ ਹੋਏ ਉਪਰੋਕਤ ਇਨਾਮਾਂ ਦੇ ਲਈ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਉਣ ਦੀ ਆਗਿਆ ਦੇਣ ਜਾਂ ਨਾ ਦੇਣ।

## ਕਾਲਜ ਵਿਖੇ ਸਹਿਯੋਗੀ ਸੰਸਥਾਵਾਂ

### ਪੀ.ਟੀ.ਏ.

ਇਸ ਕਾਲਜ ਵਿਖੇ ਸਰਕਾਰੀ ਨਿਯਮਾਂ ਅਨੁਸਾਰ ਮਾਪੇ-ਅਧਿਆਪਕ ਸੰਸਥਾ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਰਹੀ ਹੈ। ਇਸ ਦਾ ਮੁੱਖ ਮੰਤਵ ਵਿਦਿਆਰਥੀ ਅਤੇ ਉਹਨਾਂ ਦੇ ਮਾਤਾ-ਪਿਤਾ ਦਾ ਅਧਿਆਪਕਾਂ ਨਾਲ ਸੰਪਰਕ ਬਣਾਉਣ ਤੋਂ ਇਲਾਵਾ ਕਾਲਜ ਵਿਕਾਸ ਵੀ ਹੈ। ਕਾਲਜ ਵਿੱਚ ਪੜ੍ਹ ਰਹੇ ਸਾਰੇ ਵਿਦਿਆਰਥੀਆਂ ਦੇ ਮਾਪੇ ਇਸ ਸੰਸਥਾ ਦੇ ਮੈਂਬਰ ਹੋਣਗੇ। ਕਾਲਜ ਦੇ ਪ੍ਰਿੰਸੀਪਲ ਇਸ ਸੰਸਥਾ ਦੇ ਪ੍ਰਧਾਨ ਹਨ।

### ਅਲੂਮਨੀ ਸੰਗਠਨ

ਕਾਲਜ ਵਿੱਚ ਅਲੂਮਨੀ ਸੰਗਠਨ 2018 ਤੋਂ ਸਰਗਰਮ ਹੈ। ਇਹ ਸੰਗਠਨ ਕਾਲਜ ਦੀ ਬਿਹਤਰੀ ਲਈ ਹਮੇਸ਼ਾਂ ਹੀ ਤੱਤਪਰ ਰਹਿੰਦਾ ਹੈ। ਕਾਲਜ ਦੇ ਪੁਰਾਣੇ ਵਿਦਿਆਰਥੀ ਲੋੜੀਂਦਾ ਫਾਰਮ ਭਰ ਕੇ ਇਸ ਸੰਗਠਨ ਦੇ ਮੈਂਬਰ ਬਣ ਸਕਦੇ ਹਨ।

ਡਾ. ਅਮਨਦੀਪ ਵਾਤਿਸ਼ ਵੱਲੋਂ ਆਪਣੇ ਸਤਿਕਾਰਯੋਗ ਮਾਤਾ ਸਵਰਗਵਾਸੀ ਸ੍ਰੀਮਤੀ ਕਾਂਤਾ ਵਾਤਿਸ਼ ਸੁਪਤਨੀ ਡਾ. ਧਰਮ ਚੰਦ ਵਾਤਿਸ਼ ਜੀ ਦੀ ਨਿੱਘੀ ਯਾਦ ਵਿੱਚ ਕਾਲਜ ਦੀ ਸਾਲਾਨਾ ਐਥਲੈਟਿਕ ਮੀਟ ਵਿੱਚ ਪਹਿਲੇ ਅਤੇ ਦੂਜੇ ਸਥਾਨ 'ਤੇ ਆਉਣ ਵਾਲੇ ਹਾਊਸ ਲਈ ਰਨਿੰਗ ਟਰਾਫ਼ੀਆਂ ਸ਼ੁਰੂ ਕੀਤੀਆਂ ਗਈਆਂ।

## ਮਾਪਿਆਂ/ਸਰਪ੍ਰਸਤਾਂ ਲਈ ਜ਼ਰੂਰੀ ਨੋਟ

ਵਿਦਿਆਰਥੀ, ਮਾਤਾ-ਪਿਤਾ ਅਤੇ ਸਰਪ੍ਰਸਤ ਨੂੰ ਕਾਲਜ ਨਾਲ ਸੰਪਰਕ ਰੱਖਣਾ ਜਰੂਰੀ ਹੋਵੇਗਾ। ਫੀਸਾਂ ਅਤੇ ਫੰਡਾਂ ਸੰਬੰਧੀ/ਕਿਸੇ ਵੀ ਗਤੀਵਿਧੀ ਸੰਬੰਧੀ ਕੋਈ ਵੀ ਸੂਚਨਾ ਕੇਵਲ ਨੋਟਿਸ ਬੋਰਡ ਅਤੇ ਕਾਲਜ ਵੈਬ-ਸਾਈਟ 'ਤੇ ਹੀ ਅਪਡੇਟ ਕੀਤੀ ਜਾਵੇਗੀ। ਹਰ ਇੱਕ ਸੂਚਨਾ ਪ੍ਰਾਪਤ ਕਰਨਾ ਵਿਦਿਆਰਥੀ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ। ਮਾਪਿਆਂ/ਸਰਪ੍ਰਸਤਾਂ ਨੂੰ ਬੇਨਤੀ ਹੈ ਕਿ ਦਾਖ਼ਲੇ ਉਪਰੰਤ ਆਪਣੇ ਬੱਚੇ ਸੰਬੰਧੀ ਲੈਕਚਰ ਸ਼ਾਰਟੇਜ/ਫੀਸਾਂ ਸੰਬੰਧੀ/ਘਰੇਲੂ ਪ੍ਰੀਖਿਆਵਾਂ ਦੀ ਰਿਪੋਰਟ ਦੇ ਸੰਬੰਧ ਵਿਚ ਕਾਲਜ ਨਾਲ ਸੰਪਰਕ ਕਰਨ। ਪ੍ਰਾਸਪੈਕਟਸ ਵਿਚ ਦਿੱਤੇ ਗਏ ਨਿਯਮਾਂ ਅਤੇ ਜਾਣਕਾਰੀ ਉਚੇਰੀ ਸਿੱਖਿਆ (ਪੰਜਾਬ ਸਰਕਾਰ) 'ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਕੀਤੀਆਂ ਜਾਣ ਵਾਲੀਆਂ ਤਬਦੀਲੀਆਂ ਸੰਬੰਧੀ ਸਮੇਂ-ਸਮੇਂ 'ਤੇ ਨੋਟਿਸ ਬੋਰਡ ਤੇ ਲਗਾਈ ਜਾਵੇਗੀ। ਇਹ ਪ੍ਰਾਸਪੈਕਟਸ ਸਿਰਫ ਵਿਦਿਆਰਥੀਆਂ ਦੀ ਕਾਲਜ ਅਤੇ ਕੋਰਸਾਂ ਸੰਬੰਧੀ ਜਾਣਕਾਰੀ ਬਾਬਤ ਹੈ, ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ।
























# ਸਰਕਾਰੀ ਕਾਲਜ, ਅਮਰਗੜ੍ਹ

# ਕਾਲਜ ਕੈਲੰਡਰ: 2025-2026

| | |
|---|---|
| ਕਾਲਜ ਖੁੱਲਣ ਦੀ ਮਿਤੀ | ਜੁਲਾਈ, 2025 |
| ਕਲਾਸਾਂ ਸ਼ੁਰੂ ਹੋਣ ਦੀ ਮਿਤੀ | ਅਗਸਤ, 2025 |
| ਫਰੈਸ਼ਰ ਪਾਰਟੀ | ਅਗਸਤ, 2025 |
| ਪੀ.ਟੀ.ਏ. ਜਨਰਲ ਹਾਊਸ ਮੀਟਿੰਗ | ਅਗਸਤ, 2025 |
| ਆਜ਼ਾਦੀ ਦਿਵਸ | 15 ਅਗਸਤ, 2025 |
| ਅਧਿਆਪਕ ਦਿਵਸ | 5 ਸਤੰਬਰ, 2025 |
| ਪ੍ਰਤਿਭਾ ਖੋਜ ਮੁਕਾਬਲੇ | ਸਤੰਬਰ, 2025 |
| ਮਹਾਤਮਾ ਗਾਂਧੀ ਜਯੰਤੀ | 2 ਅਕਤੂਬਰ, 2025 |
| ਰਾਸ਼ਟਰੀ ਏਕਤਾ ਦਿਵਸ | 31 ਅਕਤੂਬਰ, 2025 |
| ਘਰੇਲੂ ਪ੍ਰੀਖਿਆ | ਅਕਤੂਬਰ-ਨਵੰਬਰ, 2025 |
| ਵਿੱਦਿਅਕ ਟੂਰ | ਨਵੰਬਰ, 2025 |
| ਸੰਵਿਧਾਨ ਦਿਵਸ | 26 ਨਵੰਬਰ, 2025 |
| ਯੂਨੀਵਰਸਿਟੀ ਸਮੈਸਟਰ ਪ੍ਰੀਖਿਆ | ਦਸੰਬਰ, 2025 |
| ਰਾਸ਼ਟਰੀ ਵੋਟਰ ਦਿਵਸ | 25 ਜਨਵਰੀ, 2026 |
| ਗਣਤੰਤਰਤਾ ਦਿਵਸ | 26 ਜਨਵਰੀ, 2026 |
| ਸੱਤ ਰੋਜ਼ਾ ਵਿਸ਼ੇਸ਼ ਐਨ.ਐਸ.ਐਸ. ਕੈਂਪ | ਫ਼ਰਵਰੀ, 2026 |
| ਸਾਲਾਨਾ ਐਥਲੈਟਿਕ ਮੀਟ | ਫ਼ਰਵਰੀ, 2026 |
| ਸਾਲਾਨਾ ਇਨਾਮ ਵੰਡ ਸਮਾਰੋਹ | ਮਾਰਚ, 2026 |
| ਘਰੇਲੂ ਪ੍ਰੀਖਿਆ | ਮਾਰਚ-ਅਪ੍ਰੈਲ, 2026 |
| ਵਿਦਾਇਗੀ ਪਾਰਟੀ | ਅਪ੍ਰੈਲ (ਅਖ਼ੀਰਲੇ ਹਫ਼ਤੇ), 2026 |
| ਯੂਨੀਵਰਸਿਟੀ ਸਮੈਸਟਰ ਪ੍ਰੀਖਿਆ | ਮਈ, 2026 |

ਨੋਟ: ਉਪਰੋਕਤ ਮਿਤੀਆਂ ਵਿੱਚ ਯੂਨੀਵਰਸਿਟੀ ਵੱਲੋਂ ਜਾਂ ਕਾਲਜ ਵੱਲੋਂ ਕੀਤੀ ਗਈ ਕੋਈ ਵੀ ਤਬਦੀਲੀ ਨੋਟਸ ਬੋਰਡ 'ਤੇ ਲਗਾਈ ਜਾਵੇਗੀ। ਵਿਦਿਆਰਥੀ ਨੋਟਿਸ ਬੋਰਡ ਦੇਖਦੇ ਰਹਿਣ।

# List of Fake Universities As On September, 2023 (as per UGC Website : www.ugc.ac.in)

**Delhi**

1. All India Institute of Public & Physical Health Sciences (AIIPPHS), State Govemment University, Office Kh. No. 608-609, 1" Floor, Sant Kripal Singh Public Trust Building, Near BDO Office, Alipur, Delhi-l 10036.
2. Commercial University Ltd. Daryaganj, Delhi
3. United Nations University, Delhi
4. Vocational University, Delhi
5. ADR-Centric Juridical University, ADR House, 8J, Gopala Tower, 25, Rajendra Place, New Delhi - 110 008
6. Indian Institution of Science and Engineering, New Delhi
7. Viswakarma Open University for Self-employment, India, Rozgar Sewasadan, 672, Sanjay Enclave, Opp. GTK Depot, New Delhi - 110 033
8. Adhyatmik Vishwavidyalaya (Spiritual University), 351-352, Phase-I, Block-A, Vijay Vihar, Rithala, Rohini, Delhi-110085

**Karnataka**

9. Badaganvi Sarkar World Open University Education Society, Gokak, Belgaum (Karnataka) Kerala

**Kerala**

10. St. John's University, Kishanattam, Kerala, Maharashtra

**Maharashtra**

11. Raja Arabic University, Nagpur, West Bengal

**West Bengal**

12. Indian Institute of Alternative Medicine, 80, Chowringhee Road, Kolkata - 20
13. Institute of Alternative Medicine and Research, 8-A, Diamond Harbor Road Builtech inn, 2nd Floor, Thakurpukur, Kolkata - 700063, Uttar Pradesh

**Uttar Pradesh**

14. Gandhi Hindi Vidyapith, Prayag, Allahabad (UP)
15 Mahamaya Technical University, PO - Maharishi Nagar,Distt. Gb Nagar, Opp. Sec 110, Sector 110, Noida - 201304
16. Netaji Subhash Chandra Bose University (Open University), Achaltal, Aligarh (UP)
17. Bhartiya Shiksha parishad, Bharat Bhawan, Matiyari Chinhat, Faizabad Road, Lucknow, Uttar Pradesh.

**Puducherry**

18. Sree Bodhi academy of Higher Education, No. 186, Thilaspet, Vazhuthavoor Road, Puducheey - 605009

**Andhra Pradesh**

19. Christ New Testament Deemed University, # 32-23-2003, 7th Lane, Kakumanuvarithota, Guntur, Andhra Pradesh - 522002 or # fit No. 301, Grace Villa Apts., 7/5, Srinagar, Guntur, Andhra Pradesh - 522002
20. Bible Open University of India, H.No. 49-35-26, N.G.O's Colony, Visakhapatnam, Andhra Pradesh-530016

# ਕੈਲੰਡਰ ਸਾਲ-2025 ਦੌਰਾਨ ਪੰਜਾਬ ਸਰਕਾਰ ਦੀਆਂ ਗਜ਼ਟਿਡ ਛੁੱਟੀਆਂ

| | |
|---|---|
| ਜਨਮ ਦਿਹਾੜਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 06 ਜਨਵਰੀ |
| ਗਣਤੰਤਰ ਦਿਵਸ | 26 ਜਨਵਰੀ |
| ਜਨਮ ਦਿਵਸ ਸ੍ਰੀ ਗੁਰੂ ਰਵੀਦਾਸ ਜੀ | 12 ਫਰਵਰੀ |
| ਮਹਾ ਸ਼ਿਵਰਾਤਰੀ | 26 ਫਰਵਰੀ |
| ਹੋਲੀ | 14 ਮਾਰਚ |
| ਸ਼ਹੀਦੀ ਦਿਵਸ ਸ਼ਹੀਦ-ਏ-ਆਜ਼ਮ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਜੀ | 23 ਮਾਰਚ |
| ਈਦ-ਉੱਲ-ਫਿਤਰ | 31 ਮਾਰਚ |
| ਰਾਮ ਨੌਮੀ | 06 ਅਪ੍ਰੈਲ |
| ਜਨਮ ਦਿਵਸ ਸ੍ਰੀ ਗੁਰੂ ਨਾਭਾ ਦਾਸ ਜੀ | 08 ਅਪ੍ਰੈਲ |
| ਮਹਾਂਵੀਰ ਜੈਯੰਤੀ | 10 ਅਪ੍ਰੈਲ |
| ਵਿਸਾਖੀ | 13 ਅਪ੍ਰੈਲ |
| ਜਨਮ ਦਿਨ ਡਾ: ਬੀ.ਆਰ. ਅੰਬੇਡਕਰ | 14 ਅਪ੍ਰੈਲ |
| ਗੁੱਡ ਫਰਾਈਡੇ | 18 ਮਾਰਚ |
| ਭਗਵਾਨ ਪਰਸ਼ੂ ਜਨਮ ਉਤਸਵ | 29 ਅਪ੍ਰੈਲ |
| ਮਈ ਦਿਵਸ | 01 ਮਈ |
| ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | 30 ਮਈ |

| | |
|---|---|
| ਈਦ-ਉੱਲ-ਜੂਹਾ (ਬਕਰੀਦ) | 07 ਜੂਨ |
| ਕਬੀਰ ਜੈਯੰਤੀ | 11 ਜੂਨ |
| ਸੁਤੰਤਰਤਾ ਦਿਵਸ | 15 ਅਗਸਤ |
| ਜਨਮ ਅਸ਼ਟਮੀ | 16 ਅਗਸਤ |
| ਮਹਾਰਾਜ ਅਗਰਸੈਨ ਜੈਯੰਤੀ | 22 ਸਤੰਬਰ |
| ਜਨਮ ਦਿਵਸ ਮਹਾਤਮਾ ਗਾਂਧੀ ਜੀ | 02 ਅਕਤੂਬਰ |
| ਦੁਸਹਿਰਾ | 02 ਅਕਤੂਬਰ |
| ਜਨਮ ਦਿਵਸ ਮਹਾਰਿਸ਼ੀ ਵਾਲਮੀਕਿ ਜੀ | 07 ਅਕਤੂਬਰ |
| ਦੀਵਾਲੀ | 20 ਅਕਤੂਬਰ |
| ਵਿਸ਼ਵਕਰਮਾ ਦਿਵਸ | 22 ਅਕਤੂਬਰ |
| ਗੁਰਪੁਰਬ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ | 05 ਨਵੰਬਰ |
| ਸ਼ਹੀਦੀ ਦਿਵਸ ਸ. ਕਰਤਾਰ ਸਿੰਘ ਸਰਾਭਾ ਜੀ | 16 ਨਵੰਬਰ |
| ਸ਼ਹੀਦੀ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਜੀ | 25 ਨਵੰਬਰ |
| ਕ੍ਰਿਸਮਿਸ ਦਿਵਸ | 25 ਦਸੰਬਰ |
| ਸ਼ਹੀਦੀ ਸਭਾ ਸ੍ਰੀ ਫਤਿਹਗੜ੍ਹ ਸਾਹਿਬ | 27 ਦਸੰਬਰ |



ਆਰਟਸ ਬਲਾਕ



ਆਈ.ਸੀ.ਟੀ.ਬਲਾਕ



ਸਾਇੰਸ ਬਲਾਕ



ਪ੍ਰਬੰਧਕੀ ਬਲਾਕ



ਕਾਲਜ ਕੰਟੀਨ



ਸੈਂਟਰਲ ਲਾਅਨ



ਕਾਲਜ ਗਰਾਊਂਡ

# ਸਰਕਾਰੀ ਕਾਲਜ, ਅਮਰਗੜ੍ਹ

# ਸਰਕਾਰੀ ਕਾਲਜ, ਅਮਰਗੜ੍ਹ



## ਕਾਲਜ ਵਿੱਚ ਉਪਲੱਬਧ ਕੋਰਸ

**ਬੀ.ਏ.**
**B.A**

**ਬੀ.ਕਾਮ.**
**B.Com.**

**ਬੀ.ਸੀ.ਏ.**
**BCA**

**ਪੀ.ਜੀ.ਡੀ.ਸੀ.ਏ.**
**PGDCA**

**ਐਮ.ਐਸਸੀ. (ਆਈ.ਟੀ.)**
**M.Sc. (IT)**

### ਦਾਖ਼ਲਾ ਹੈਲਪ ਲਾਈਨ ਨੰਬਰ

1. ਡਾ. ਤੇਜਿੰਦਰ ਸਿੰਘ (94638-65712) (B.A.)
2. ਡਾ. ਦੀਪਿਕਾ ਜਿੰਦਲ (98728-88916) (B.Com.)
3. ਪ੍ਰੋ. ਸੋਨੀਆ ਗੱਖੜ (88377-37974) (IT Courses)

ਦਾਖ਼ਲਾ ਨੋਡਲ ਅਫ਼ਸਰ: ਡਾ. ਅਮਨਦੀਪ ਵਾਤਿਸ਼ (94654-00040)

ਦਫ਼ਤਰ ਸੰਪਰਕ ਨੰਬਰ: 01675-295596